# ਯਾਤਰਾ ਤੇ ਸੈਰ-ਸਪਾਟਾ ਸੱਨਅਤ ਲਈ ਸਰੀਰਕ ਹਾਵਾਂ-ਭਾਵਾਂ ਦੇ ਹੁਨਰ (ਸਾਫਟ ਸਕਿਲਜ) ਬਾਰੇ ਜਾਣਕਾਰੀ

## ਸਮੱਗਰੀ :-


1. ਯੂਨਿਟ 'ਤੇ ਸਰਸਰੀ ਨਜ਼ਰ ਅਤੇ ਵੇਰਵੇ
2. ਜਾਣਕਾਰੀ
3. ਕਿਤਾਬੀ ਹੁਨਰ (ਹਾਰਡ ਸਕਿਲੱਜ਼) ਅਤੇ ਵਿਹਾਰਿਕ / ਹੁਨਰ (ਸਾਫਟ ਸਕਿਲਜ਼) ਦੀ ਪਰਿਭਾਸ਼ਾ
4. ਯਾਤਰਾ ਤੇ ਸੈਰ – ਸਪਾਟਾ ਸੱਨਅਤ ਵਿੱਚ ਵਿਹਾਰਿਕ ਹੁਨਰ ਦੀ ਮਹੱਤਤਾ
5. ਸੰਚਾਰ ਦਾ ਹੁਨਰ – ਵਿਹਾਰਿਕ ਹੁਨਰ ਦਾ ਮੂਲ
6. ਸੰਚਾਰ – ਇੱਕ ਸੰਕਲਪ
7. ਸੰਚਾਰ ਦੀ ਪ੍ਰਕਿਰਿਆ
8. ਸੰਚਾਰ ਦੀਆਂ ਕਿਸਮਾਂ
9. ਮੌਖਿਕ ਸੰਚਾਰ ਦੇ ਤੱਤ
10. ਗ਼ੈਰ – ਮੌਖਿਕ ਸੰਚਾਰ
11. ਗ਼ੈਰ ਮੌਖਿਕ ਸੰਚਾਰ ਦੀਆਂ ਕਿਸਮਾਂ
12. ਸੰਚਾਰ ਵਿੱਚ ਰੁਕਾਵਟ
13. ਪ੍ਰਭਾਵੀ ਸੰਚਾਰ
14. ਸੁਣਨ ਦਾ ਹੁਨਰ
15. ਸਾਰ

## 1 ਯੂਨਿਟ 'ਤੇ ਸਰਸਰੀ ਨਜ਼ਰ ਤੇ ਵੇਰਵੇ

ਇਸ ਯੂਨਿਟ ਵਿੱਚ ਵਿਦਿਆਰਥੀਆਂ ਨੂੰ ਵਿਹਾਰਿਕ ਹੁਨਰ ਦੇ ਵਿਸ਼ੇ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਹ ਯੂਨਿਟ ਵਿਦਿਆਰਥੀਆਂ ਦੀ ਇਹ ਜਾਣਨ ਵਿੱਚ ਮਦਦ ਕਰੇਗਾ ਕਿ :

- ਵਿਹਾਰਿਕ ਹੁਨਰ ਤੇ ਕਿਤਾਬੀ ਹੁਨਰ ਦੀ ਪਰਿਭਾਸ਼ਾ ਕੀ ਹੈ।
- ਯਾਤਰਾ ਤੇ ਸੈਰ ਸਪਾਟਾ ਸਨਅਤ ਵਿੱਚ ਵਿਹਾਰਿਕ ਹੁਨਰ (ਸਾਫਟ ਸਕਿਲਜ਼) ਦਾ ਕੀ ਮਹੱਤਵ ਹੈ।
- ਸੰਚਾਰ ਕੀ ਹੈ ਤੇ ਇਸ ਦਾ ਕੀ ਮੱਤਵਹ ਹੈ।
- ਪ੍ਰਭਾਵੀ ਸੰਚਾਰ ਲਈ ਸੰਚਾਰ ਦੀਆਂ ਰੁਕਾਵਟਾਂ ਨੂੰ ਘੱਟ ਤੋਂ ਘੱਟ ਕਰਨ ਦੀ ਪ੍ਰਕਿਰਿਆ ਕੀ ਹੈ?
- ਯਾਤਰਾ ਤੇ ਸੈਰ-ਸਪਾਟਾ ਸੱਨਅਤ ਵਿੱਚ ਮੌਖਿਕ ਤੇ ਗੈਰ - ਮੌਖਿਕ ਸੰਚਾਰ ਕਿਵੇਂ ਬਣਾਇਆ ਜਾਵੇ ਤੇ ਸੁਣਨ ਦਾ ਹੁਨਰ ਕਿਵੇਂ ਪ੍ਰਾਪਤ ਕੀਤਾ ਜਾਵੇ ?

## ਸਰੋਤ ਸਮੱਗਰੀ


1. ਕਲਾਜ਼, ਪੈਸੀ (2009) ਦਿ ਹਾਰਡ ਟਰੂਥ ਅਬਾਊਟ ਸਾਫਟ ਸਕਿਲਜ਼ ; ਸਾਫਟ ਸਕਲਿਜ਼ ਫਾਰ ਸਕਸੀਡਿੰਗ 'ਏ ਹਾਰਡ ਵਰਲਡ, ਹਾਰਪਰ ਕੌਲਿਨਜ਼।
2. ਗੋਪਾਲ ਸਵਾਮੀ, ਰਮੇਸ਼ ਐਂਡ ਰਮੇਸ਼, ਮਹਾਦੇਵਨ (2010) ਦਿ ਏਇਸ ਆਫ ਸਾਫਟ ਸਕਿਲਜ਼ : ਐਟੀਚਿਊਡ, ਕਮਿਉਨੀਕੇਸ਼ਨ ਐਂਡ ਐਟੀਕੇਟਸ ਫਾਰ ਸਕਸੈਸ ; ਪੀਅਰਸਨ ਐਜੂਕੇਸ਼ਨ ਇੰਡੀਆ।
3. ਨੈਪ, ਡੋਨਾ (2010) ਦੇ ਗਾਈਡ ਟੂ ਕਸਟਮਰ ਸਰਵਿਸ ਸਕਿਲਜ਼ ਫਾਰ ਦਿ ਸਰਵਿਸ ਡੈਸਕ ਪ੍ਰੋਫੈਸ਼ਨਲਜ਼, ਸੈਨਗੇਜ ਲਰਨਿੰਗ
4. ਬਾਰਕਰ, ਏ (2006) ਇੰਪਰੂਵ ਯੂਅਰ ਕਮਿਉਨੀਕੇਸ਼ਨ ਸਕਿਲਜ਼, ਨਵੀਂ ਦਿੱਲੀ ਕੋਗਨ ਪੇਜ ਇੰਡੀਆ ਪ੍ਰਾਈਵੇਟ ਲਿਮਟਿਡ
5. ਸੀਲੀ ਜੌਹਾਨ (2004) ਦਿ ਔਕਸਫੋਰਡ ਗਾਈਡ ਟੂ ਰਾਈਟਿੰਗ ਐਂਡ ਸਪੀਕਿੰਗ, ਨਵੀਂ ਦਿੱਲੀ, ਆਕਸਫੋਰਡ ਯੂਨੀਵਰਸਿਟੀ ਪ੍ਰੈਸ।

6. ਮੰਡਲ ਐਸ. ਕੇ. (2007) ਇਫੈਕਟਿਵ ਕਮਿਉਨੀਕੇਸ਼ਨ ਐਂਡ ਪਬਲਿਕ ਸਪੀਕਿੰਗ ਜੈਕੋ, ਮੁੰਬਈ।

7. ਬੋਵੀ, ਥਿਲ ਐਂਡ ਸ਼ੈਟਜ਼ਮੈਨ (2003) ਬਿਜ਼ਨਸ ਕਮਿਉਨੀਕੇਸ਼ਨ ਡੇ, ਪੀਅਰਸਨ, ਨਵੀਂ ਦਿੱਲੀ।

## ਮੁੱਲਾਂਕਣ ਯੋਜਨਾ

**ਅਭਿਆਸ : ਪ੍ਰਸ਼ਨ ਤੇ ਉੱਤਰ, ਰੋਲ ਪਲੇਅ ਅਤੇ ਗਰੁੱਪ ਵਿੱਚ ਵਿਚਾਰ ਵਟਾਂਦਰਾ।**

## 2. ਜਾਣਕਾਰੀ :




ਮੁੱਖ ਵਿਸ਼ੇ ਬਾਰੇ ਵਿਚਾਰ ਕਰਨ ਤੋਂ ਪਹਿਲਾਂ ਆਓ ਆਪਾਂ ਆਪਣੀਆਂ ਯਾਦਾਂ ਵਿੱਚ ਖੋ ਜਾਈਏ। ਆਪਣੇ ਆਪ ਨੂੰ ਇਹ ਆਖੋ ਕਿ ਉਹਨਾਂ ਲੋਕਾਂ ਨੂੰ ਯਾਦ ਕਰੀਏ ਜੋ ਸਾਨੂੰ ਸਮੇਂ ਸਮੇਂ ਹੁਣ ਤੱਕ ਦੇ ਜੀਵਨ 'ਚ ਮਿਲ਼ਦੇ ਰਹੇ ਹਨ। ਮਿਸਾਲ ਦੇ ਤੌਰ 'ਤੇ, ਇੱਕ ਡਾਕਟਰ ਜੋ ਮਰੀਜ਼ਾਂ ਦੀ ਲੰਮੀ ਕਤਾਰ ਵਿੱਚੋਂ ਤੁਹਾਨੂੰ ਇੱਕ ਇਕਾਈ ਸਮਝ ਕੇ ਤੁਹਾਡਾ ਬੁਖ਼ਾਰ ਠੀਕ ਕਰ ਦਿੰਦਾ ਸੀ। ਇਸ ਦੇ ਨਾਲ਼ ਨਾਲ਼ ਇੱਕ ਉਹ ਡਾਕਟਰ ਵੀ ਸੀ ਜੋ ਤੁਹਾਡੇ ਬੁਖ਼ਾਰ ਨੂੰ ਠੀਕ ਤਾਂ ਕਰਦਾ ਸੀ ਇਸ ਦੇ ਨਾਲ਼ ਨਾਲ਼ ਉਹ ਹਸਮੁਖ ਤੇ ਜ਼ਿੰਦਾਦਿਲ ਵੀ ਸੀ, ਮਰੀਜ਼ਾਂ ਦਾ ਪੂਰਾ ਖਿਆਲ ਰੱਖਦਾ ਸੀ ਤੇ ਉਹਨਾਂ ਦੇ ਸੁਆਲਾਂ ਦੇ ਜੁਆਬ ਵੀ ਦਿਆ ਕਰਦਾ ਸੀ।

ਇਹ ਇੱਕ ਮਿਸਾਲ ਹੈ ਪਰ ਅਜਿਹੇ ਹੋਰ ਵੀ ਕਈ ਲੋਕ ਹੋਣਗੇ ਜਿਨ੍ਹਾਂ ਨੂੰ ਤੁਸੀਂ ਸਮੇਂ ਸਮੇਂ ਮਿਲਦੇ ਰਹੇ ਹੋਵੋਗੇ। ਇਹਨਾਂ ਲੋਕਾਂ 'ਚੋਂ ਤੁਹਾਨੂੰ ਕੁਝ ਲੋਕ ਜ਼ਰੂਰ ਯਾਦ ਹੋਣਗੇ ਜਿਨ੍ਹਾਂ ਦਾ ਰਵੱਈਆਂ ਹਾਂ ਪੱਖੀ ਤੇ ਜ਼ਿੰਦਾ ਦਿਲੀ ਵਾਲ਼ਾ ਹੋਵੇਗਾ ; ਅਤੇ ਜੋ ਹਰ ਵੇਲ਼ੇ ਤੁਹਾਡੀ ਮਦਦ ਲਈ ਤਿਆਰ ਰਹਿੰਦੇ ਹੋਣਗੇ, ਕੁਝ

ਅਜਿਹੇ ਲੋਕ ਵੀ ਹੋਣਗੇ ਜੋ ਹਮੇਸ਼ਾਂ ਬੇ ਲਚਕ ਰਹਿੰਦੇ ਹੋਣਗੇ ਅਤੇ ਆਪਣੀ ਗ਼ਲਤੀ ਨੂੰ ਮੰਨਣ ਤੋਂ ਹਿਚਕਿਚਾਉਂਦੇ ਰਹੇ ਹੋਣਗੇ।

ਉਪਰੋਕਤ ਮਿਸਾਲ ਵਿਚਲੇ ਦੋਵੇਂ ਡਾਕਟਰ ਆਪਣੀ ਮੁਢਲੀ ਪੜ੍ਹਾਈ ਅਤੇ ਅਨੁਭਵ ਪੱਖੋਂ ਪੂਰੇ ਯੋਗ ਹੋਣਗੇ ਪਰ ਇੱਥੇ ਹੋਰ ਹੁਨਰਾਂ ਦੀ ਵੀ ਲੋੜ ਹੁੰਦੀ ਹੈ ਜਿਨ੍ਹਾਂ ਕਾਰਨ ਉਹਨਾਂ ਦੋਵਾਂ ਵਿੱਚ ਫ਼ਰਕ ਸੀ। ਆਖ਼ਰ ਉਹ ਹੁਨਰ ਕਿਹੜੇ ਹਨ ਤੇ ਉਹਨਾਂ ਦਾ ਮਹੱਤਵ ਕੀ ਹੈ? ਇਹ ਇਸ ਯੂਨਿਟ ਵਿੱਚ ਵਿਸਥਾਰ ਨਾਲ਼ ਵਿਚਾਰਿਆ ਜਾਵੇਗਾ।

## 3. ਕਿਤਾਬੀ ਹੁਨਰ ਤੇ ਵਿਹਾਰਿਕ ਹੁਨਰ




ਅੱਜ ਦੇ ਮੁਕਾਬਲਾਕਾਰੀ ਵਾਤਾਵਰਨ ਵਿੱਚ ਸਫਲ ਹੋਣ ਲਈ ਵਿਦਿਆਰਥੀ ਲਈ ਹੁਨਰ ਦੀਆਂ ਦੋਵੇਂ ਕਿਸਮਾਂ 'ਚ ਸੰਤੁਲਨ ਬਣਾ ਕੇ ਰੱਖਣਾ ਜ਼ਰੂਰੀ ਹੈ। ਹੁਨਰ ਦੀਆਂ ਇਹ ਦੋਵੇਂ ਕਿਸਮਾਂ ਹਨ – ਕਿਤਾਬੀ ਹੁਨਰ ਤੇ ਵਿਹਾਰਿਕ ਹੁਨਰ।

<u>ਕਿਤਾਬੀ ਹੁਨਰ</u> (ਹਾਰਡ ਸਕਿਲਜ਼) ਕਿਤਾਬੀ ਹੁਨਰ ਨੂੰ ਤਕਨੀਕੀ ਹੁਨਰ ਵੀ ਕਿਹਾ ਜਾਂਦਾ ਹੈ। ਇਹ ਹੁਨਰ ਸਾਨੂੰ ਆਪਣਾ ਕੰਮ ਸਹੀ ਢੰਗ ਨਾਲ਼ ਨਿਪਟਾਉਣ 'ਚ ਮਦਦ ਕਰਦਾ ਹੈ। ਸਕੂਲਾਂ ਵਿੱਚ ਵਿਗਿਆਨ, ਗਣਿਤ ਅਤੇ ਹੋਰ ਵਿਸ਼ਿਆ ਦਾ ਅਧਿਆਪਨ, ਪੜ੍ਹਨ, ਤੇ ਲਿਖਣ ਆਦਿ ਦਾ ਹੁਨਰ ਸਿਖਾਇਆ ਜਾਂਦਾ ਹੈ। ਅਰਥਾਤ ਇਹਨਾਂ ਵਿਸ਼ਿਆਂ ਦਾ ਕਿਤਾਬੀ ਹੁਨਰ ਸਿਖਾਇਆ ਜਾਂਦਾ ਹੈ। ਕੰਮ ਦੇ ਖੇਤਰ ਵਿੱਚ ਕਿਤਾਬੀ ਹੁਨਰ ਮੁਢਲੀ ਤਕਨੀਕੀ ਜਾਂ ਪ੍ਰਬੰਧਕੀ ਪ੍ਰਕਿਰਿਆ ਹੈ ਜੋ ਅਸੀਂ



ਕਿਤਾਬਾਂ ਵਿੱਚੋਂ ਪੜ੍ਹ ਕੇ ਜਾਂ ਅਭਿਆਸ ਨਾਲ਼ ਸਿੱਖ ਲੈਂਦੇ ਹਾਂ। ਮਿਸਾਲ ਦੇ ਤੌਰ 'ਤੇ ਅਧਿਆਪਕ ਲਈ ਕਿਤਾਬੀ ਹੁਨਰ ਕਿਸੇ ਵਿਸ਼ੇਸ਼ ਵਿਸ਼ੇ ਦੀ ਵਿਆਪਕ ਜਾਣਕਾਰੀ ਹੁੰਦੀ ਹੈ। ਇਹ ਹੁਨਰ ਆਮ ਤੌਰ 'ਤੇ ਸੌਖੀ ਤਰ੍ਹਾਂ ਸਿੱਖਿਆ ਤੇ ਪ੍ਰਫ਼ਲਤ ਕੀਤਾ ਜਾ ਸਕਦਾ ਹੈ।

ਡੈਨਿਧ ਕੋਅਟਸ ਅਨੁਸਾਰ "ਕਿਤਾਬੀ ਹੁਨਰ ਆਮ ਤੌਰ ਤੇ ਸੌਖੀ ਤਰ੍ਹਾਂ ਵੇਖਿਆ, ਵਧਾਇਆ ਜਾ ਸਕਦਾ ਹੈ। ਇਸ ਹੁਨਰ ਵਿੱਚ ਨਿਪੁੰਨਤਾ ਵੀ ਸੌਖਿਆਂ ਹੀ ਆ ਜਾਂਦੀ ਹੈ ਕਿਉਂਕਿ ਇਸ ਹੁਨਰ ਦੀਆਂ ਕਿਸਮਾਂ ਸਿਖਾਂਦਰੂਆਂ ਲਈ ਸਮੇਂ ਸਮੇਂ ਨਵੀਆਂ ਹੁੰਦੀਆਂ ਹਨ।

ਉਪਰੋਕਤ ਮਿਸਾਲ ਵਿੱਚ ਜੋ ਅਸੀਂ ਪਹਿਲਾਂ ਵਿਚਾਰ ਚੁੱਕੇ ਹਾਂ ਦੋਵੇਂ ਡਾਕਟਰਾਂ ਦਾ ਕਿਤਾਬੀ ਹੁਨਰ – ਬੁਖ਼ਾਰ ਦੀ ਪਛਾਣ ਕਰਕੇ ਉਸ ਦਾ ਇਲਾਜ ਕਰਨਾ, ਬਿਲਕੁਲ ਠੀਕ ਹੈ।

## ਵਿਹਾਰਿਕ ਹੁਨਰ (ਸਾਫਟ ਸਕਿਲਜ਼)

ਵਿਹਾਰਿਕ ਹੁਨਰ – ਇਸ ਨੂੰ ਜਨਤਕ ਹੁਨਰ ਵੀ ਕਹਿ ਸਕਦੇ ਹਾਂ। ਕਈ ਕਿਸਮ ਦੇ ਵਿਸ਼ੇਸ਼ ਰੁਜ਼ਗਾਰ ਲਈ ਇਸ ਹੁਨਰ ਦੀ ਬੇਹੱਦ ਲੋੜ ਹੁੰਦੀ ਹੈ। ਇਹ ਹੁਨਰ ਤੁਹਾਡੇ ਲਈ ਪ੍ਰਾਪਤ ਕੀਤੇ ਗਿਆਨ 'ਤੇ ਨਿਰਭਰ ਨਹੀਂ ਹੁੰਦਾ ਸਗੋਂ ਸਮਝ–ਬੂਝ, ਲੋਕਾਂ ਨਾਲ਼ ਵਰਤੋਂ ਵਿਹਾਰ ਦਾ ਸਲੀਕਾ ਅਤੇ ਹਾਂ ਪੱਖੀ ਅਤੇ ਲਚਕਦਾਰ ਵਿਹਾਰ 'ਤੇ ਆਧਾਰਿਤ ਹੁੰਦਾ ਹੈ। ਇਸ ਪ੍ਰਕਾਰ ਇਸ ਨੂੰ ਵਿਹਾਰਿਕ ਹੁਨਰ ਵੀ ਕਹਿ ਸਕਦੇ ਹਾਂ। ਵਿਕੀਪੀਡੀਆ ਅਨੁਸਾਰ" ਵਿਹਾਰਿਕ ਹੁਨਰ ਕਿਸੇ ਦੇ ਵਿਅਕਤਿਤਵ ਦੀਆਂ ਵਿਸ਼ੇਸ਼ਤਾਵਾਂ, ਸਮਾਜਕ ਮਿਲਵਰਤਣ ਤੇ ਮਨੋਹਰਤਾ, ਭਾਸ਼ਾਈ ਸਤਿਕਾਰ, ਨਿਜੀ ਆਦਤਾਂ, ਮਿਤੱਰਤਾਈ, ਆਸ਼ਾਵਾਦੀ ਸੁਭਾਓ, ਜੋ ਵਿਅਕਤੀ ਤੋਂ ਵਿਅਕਤੀ ਤੱਕ ਵਖੋ–ਵੱਖ ਹੁੰਦਾ ਹੈ, ਉੱਪਰ ਆਧਾਰਿਤ ਹੁੰਦਾ ਹੈ। ਇਹ ਕਿਤਾਬੀ ਹੁਨਰ ਜੋ ਕਿ ਕਿਸੇ ਕੰਮ ਵਿਸ਼ੇਸ਼ ਲਈ ਤਕਨੀਕੀ ਲੋੜ ਹੁੰਦੀ ਹੈ ਉਸ ਵਿਚ ਵਿਹਾਰਿਕ ਹੁਨਰ ਵਾਧਾ ਹੀ ਕਰਦਾ ਹੈ।

ਉੱਪਰ ਵਿਚਾਰੀ ਗਈ ਮਿਸਾਲ ਅਨੁਸਾਰ ਉਹਨਾਂ ਦੋਵਾਂ ਡਾਕਟਰਾਂ ਵਿੱਚ ਵਿਹਾਰਿਕ ਹੁਨਰ ਦੇ

ਕਾਰਨ ਹੀ ਵੱਖਰਤਾ ਹੈ। ਜਿਹੜਾ ਡਾਕਟਰ ਹਾਂ ਪੱਖੀ ਹੈ, ਮਰੀਜ਼ਾਂ ਦਾ ਧਿਆਨ ਰੱਖਦਾ ਹੈ ਤੇ ਉਹਨਾਂ ਨਾਲ਼ ਮਿੱਤਰਤਾ ਪੂਰਬਕ ਪੇਸ਼ ਆਉਂਦਾ ਹੈ ਉਹ ਦੂਸਰੇ ਡਾਕਟਰ ਦੇ ਮੁਕਾਬਲੇ ਸਾਨੂੰ ਵੱਧ ਖਿੱਚ ਪਾਉਂਦਾ ਹੈ।

## ਵਿਹਾਰਿਕ ਹੁਨਰ ਦੀਆਂ ਉਦਾਹਰਨਾਂ

- ਸੰਚਾਰ ਦਾ ਹੁਨਰ
- ਮਿਲਨ ਸਾਰਤਾ
- ਸਮੱਸਿਆਵਾਂ ਨੂੰ ਹੱਲ ਕਰਨ ਦਾ ਹੁਨਰ
- ਆਤਮ ਸਨਮਾਨ
- ਟੀਮ ਵਰਕ ਵਾਂਗ ਕੰਮ ਕਰਨ ਦੀ ਯੋਗਤਾ
- ਸਮਾਜਕਤਾ
- ਗੱਲਬਾਤ ਦਾ ਹੁਨਰ
- ਇਕਮੁਠਤਾ / ਇਮਾਨਦਾਰੀ
- ਸਵੈ – ਪ੍ਰਬੰਧ ਦਾ ਹੁਨਰ
- ਹਮਦਰਦੀ
- ਮੱਤਭੇਦ ਨਿਪਟਾਉਣ ਦਾ ਹੁਨਰ
- ਕੰਮ ਸ਼ਿਸ਼ਟਾਚਾਰ
- ਸੱਭਿਆਚਾਰਿਕ ਜਾਗਰੂਕਤਾ
- ਜ਼ਿੰਮੇਵਾਰੀ ਦੀ ਭਾਵਨਾ
- ਸ਼ਿਸ਼ਟਾਚਾਰ ਤੇ ਚੰਗਾ ਵਿਵਹਾਰ

ਵਿਹਾਰਿਕ ਹੁਨਰ ਵਿਸ਼ੇ ਤੋਂ ਵਿਸ਼ੇ ਅਤੇ ਵਿਅਕਤੀ ਤੋਂ ਵਿਅਕਤੀ ਤੱਕ ਵੱਖ ਵੱਖ ਹੁੰਦਾ ਹੈ।

ਵਿਹਾਰਿਕ ਹੁਨਰ ਵਿਚ ਇੱਕ ਸਮੱਸਿਆ ਇਹ ਹੈ ਕਿ ਇਸ ਨੂੰ ਵਿਅਕਤੀ ਦਾ ਜਮਾਂਦਰੂ ਗੁਣ ਸਮਝਿਆ ਜਾਂਦਾ ਹੈ ਪਰ ਜ਼ਰਾ ਗਹਿਰਾਈ ਨਾਲ਼ ਵਿਚਾਰਨ 'ਤੇ ਪਤਾ ਲਗਦਾ ਹੈ ਕਿ ਇਹ ਜਮਾਂਦਰੂ ਨਹੀਂ ਹੁੰਦਾ। ਕੁਝ ਵਿਅਕਤੀ ਕੁਦਰਤੀ ਤੌਰ 'ਤੇ ਇਸ ਹੁਨਰ ਦਾ ਪ੍ਰਦਰਸ਼ਨ ਕਰ ਜਾਂਦੇ ਹਨ, ਕੁਝ ਹੋਰ ਇਹ ਹੁਨਰ ਆਪਣੇ ਆਪ ਆਪਣੇ ਅਨੁਭਵ ਨਾਲ਼ ਸਿੱਖਦੇ ਹਨ ਪਰ ਬਹੁਤੇ ਲੋਕ ਇਹ ਹੁਨਰ ਸਮੇਂ ਦੇ ਬੀਤਣ ਨਾਲ਼ ਪ੍ਰਾਪਤ ਕਰਦੇ ਹਨ। ਇਹੀ ਕਾਰਨ ਹੈ ਕਿ ਇਸ ਗੱਲ 'ਤੇ ਧਿਆਨ ਕੇਂਦ੍ਰਿਤ ਕਰਨਾ ਜ਼ਰੂਰੀ ਹੈ ਕਿ ਜਿਵੇਂ ਅਸੀਂ ਰਵਾਇਤੀ ਕਿਤਾਬੀ ਹੁਨਰ ਸਿੱਖਦੇ ਹਾਂ ਉਵੇਂ ਹੀ ਸਾਨੂੰ ਇਹ ਵਿਹਾਰਿਕ ਹੁਨਰ ਵੀ ਸਿੱਖਣਾ ਚਾਹੀਦਾ ਹੈ ਅਤੇ ਇਸ ਦਾ ਵਿਕਾਸ ਵੀ ਕਰਦੇ ਰਹਿਣਾ ਚਾਹੀਦਾ ਹੈ। ਵਿਹਾਰਿਕ ਹੁਨਰ ਸਾਡੀ ਨਿਜੀ ਜੀਵਨ 'ਚ ਸਫ਼ਲਤਾ ਪ੍ਰਾਪਤੀ ਵਿੱਚ ਵੀ ਮਦਦ ਕਰਦਾ ਹੈ। ਸਮਾਜਕ ਜੀਵਨ ਵਿਚ ਅਤੇ ਕੰਮ ਕਾਰ ਦੀ ਥਾਂ ਤੇ ਸਫਲ ਹੋਣ ਵਿੱਚ ਵੀ ਮਦਦ ਕਰਦਾ ਹੈ। ਕਈ ਖੋਜਕਾਰਾਂ ਨੇ ਵੀ ਇਹ ਸਾਬਤ ਕੀਤਾ ਹੈ ਕਿ ਜਿਨ੍ਹਾਂ ਲੋਕਾਂ 'ਚ ਵਿਹਾਰਿਕ ਹੁਨਰ ਵੱਧ ਹੁੰਦਾ ਹੈ ਉਹਨਾਂ ਨੂੰ ਘੱਟ ਵਿਹਾਰਿਕ ਹੁਨਰ ਵਾਲ਼ਿਆਂ ਦੇ ਮੁਕਾਬਲੇ ਵੱਧ ਰੁਜ਼ਗਾਰ ਪ੍ਰਾਪਤ ਹੁੰਦਾ ਹੈ।


## 4. ਯਾਤਰਾ ਤੇ ਸੈਰ ਸਪਾਟਾ ਸੱਨਅਤ ਵਿੱਚ ਵਿਹਾਰਿਕ ਹੁਨਰ ਦੀ ਮਹੱਤਤਾ

ਯਾਤਰਾ ਤੇ ਸੈਰ ਸਪਾਟਾ ਸੱਨਅਤ ਵਿੱਚ ਵਿਹਾਰਿਕ ਹੁਨਰ ਦੀ ਵਿਸ਼ੇਸ਼ ਮਹੱਤਤਾ ਹੈ। ਸਗੋਂ ਅਸੀਂ ਇਹ ਇਥੋਂ ਤੱਕ ਕਹਿ ਸਕਦੇ ਹਾਂ ਕਿ ਇਸ ਸੱਨਅਤ ਦਾ ਹਿੱਸਾ ਬਣਨ ਲਈ ਵਿਹਾਰਿਕ ਹੁਨਰ 'ਚ ਨਿਪੁੰਨਤਾ ਮੁਢਲੀ ਲੋੜ ਹੈ। ਇਸ ਦਾ ਇੱਕ ਕਾਰਨ ਇਹ ਵੀ ਹੈ ਕਿ ਇਸ ਸੱਨਅਤ ਵਿਚ ਕੁਝ ਵਿਸ਼ੇਸ਼ ਵਿਲੱਖਣਤਾਵਾਂ ਹਨ :-




➢ ਸੈਰ-ਸਪਾਟਾ ਸੱਨਅਤ ਲੋਕਾਂ 'ਤੇ ਆਧਾਰਤ ਸਨਅਤ ਹੈ। ਵੱਖ-ਵੱਖ ਲੋਕ ਜਿਵੇਂ ਕਿ ਹੋਟਲ ਮਾਲਕ, ਟਰਾਂਸਪੋਰਟਰ, ਟਰੈਵਲ ਏਜੰਟ, ਟੂਰ ਗਾਈਡ ਅਤੇ ਕਈ ਹੋਰ ਮਿਲ਼ਕੇ ਇੱਕ ਹੋਰ ਅੰਤਮ ਉਤਪਾਦ ਤਿਆਰ ਕਰਦੇ ਹਨ ਤੇ ਫਿਰ ਉਸ ਨੂੰ ਗਾਹਕਾਂ ਤੱਕ ਪਹੁੰਚਾਉਂਦੇ ਹਨ। ਇਸ ਲਈ ਇਹ ਵਿਹਾਰਿਕ ਹੁਨਰ ਹੀ ਹੈ ਜੋ ਓਹੁਨ੍ਹਾਂ ਨੂੰ ਮਿਲਕੇ ਕੰਮ ਕਰਨ ਤੇ ਗਾਹਕਾਂ ਦੀ ਖੁਸ਼ੀ-ਖੁਸ਼ੀ ਸੇਵਾ ਕਰਨ ਵਿੱਚ ਮਦਦ ਕਰਦਾ ਹੈ।

➢ ਸੈਰ-ਸਪਾਟਾ ਇਹੋ ਜਿਹੀ ਗਤੀਵਿਧੀ ਹੈ ਜੋ ਲੋਕ ਖ਼ੁਸ਼ੀ ਦੇ ਮੌਕੇ ਅਤੇ ਆਰਾਮ ਹਾਸਲ ਕਰਨ ਲਈ ਕਰਦੇ ਹਨ।ਓਹੁਨ੍ਹਾਂ ਸੈਰ ਨੂੰ ਹੋਰ ਸੁਖਾਵਾਂ ਤੇ ਖ਼ੁਸ਼ਗਵਾਰ




ਬਣਾਉਣ ਲਈ ਅਜਿਹੇ ਵਿਅਕਤੀ ਦੀ ਲੋੜ ਹੁੰਦੀ ਹੈ ਜੋ ਵਿਹਾਰਿਕ ਹੁਨਰ ਵਿੱਚ ਨਿਪੁੰਨ ਹੋਵੇ।

ਮਿਸਾਲ ਦੇ ਤੌਰ ਤੇ – ਜੇ ਤੁਸੀਂ ਸੁੰਦਰ ਤਾਜ ਮਹੱਲ ਵੇਖਣਾ ਚਾਹੁੰਦੇ ਹੋ, ਤੁਸੀਂ ਟੈਕਸੀ ਬੁੱਕ ਕਰਦੇ ਹੋ, ਪਰ ਟੈਕਸੀ ਡਰਾਈਵਰ ਦੋ ਘੰਟੇ ਦੇਰ ਨਾਲ਼ ਕੇ ਆਉਂਦਾ ਹੈ, ਟੈਕਸੀ ਨੂੰ ਬੜੀ ਤੇਜ਼ ਤੇ ਭੱਦੀ ਤਰ੍ਹਾਂ ਚਲਾਉਂਦਾ ਹੈ ਤੇ ਤੁਹਾਡੇ ਨਾਲ਼ ਬੜਾ ਰੁੱਖਾ ਬੋਲਦਾ ਹੈ, ਇਸ ਪ੍ਰਕਾਰ ਤਾਜ ਮਹੱਲ ਵੇਖਣ ਜਾਣ ਦਾ ਤੁਹਾਡਾ ਸਾਰਾ ਅਨੁਭਵ ਉਨਾ ਵਧੀਆ ਨਹੀਂ ਹੋਵੇਗਾ ਜਿਨਾਂ ਕਿ ਫਿਰ ਹੁੰਦਾ ਜੇ ਟੈਕਸੀ ਡਰਾਈਵਰ ਸਹੀ ਸਮੇਂ ਸਿਰ ਆ ਜਾਂਦਾ, ਚੰਗੇ ਸੁਭਾਅ ਦਾ ਮਾਲਕ ਹੁੰਦਾ ਤੇ ਗੱਲਬਾਤ ਕਰਨ ‘ਚ ਨਿਮਰ ਹੁੰਦਾ। ਇਸ ਦਾ ਇਹੋ ਅਰਥ ਹੋਇਆ ਕਿ ਸੈਰ-ਸਪਾਟਾ ਸੱਨਅਤ ਵਿੱਚ ਵਿਅਕਤੀ ਦੀ ਵਿਹਾਰਿਕ ਹੁਨਰ ‘ਚ ਨਿਪੁੰਨਤਾ ਸੈਲਾਨੀ ਨੂੰ ਖ਼ੁਸ਼ ਵੀ ਕਰਦੀ ਹੈ ਤੇ ਸੰਤੁਸ਼ਟ ਵੀ ਕਰਦੀ ਹੈ। ਸੈਲਾਨੀ ਨੂੰ ਏਨਾ ਖ਼ੁਸ਼ ਤੇ ਸੰਤੁਸ਼ਟ ਕਰਦੀ ਹੈ ਜਿਨਾਂ ਕਿ ਸੈਰ-ਸਪਾਟਾ ਸਥਾਨ ਵੀ ਨਹੀਂ ਕਰਦਾ।

ਇਸ ਪ੍ਰਕਾਰ ਕਿਹਾ ਜਾ ਸਕਦਾ ਹੈ ਕਿ ਵਿਹਾਰਿਕ ਹੁਨਰ ਕਈ ਪੱਖਾਂ ਤੋਂ ਕਿਤਾਬੀ ਹੁਨਰ ਤੋਂ ਵੀ ਵੱਧ ਮਹੱਤਵਪੂਰਨ ਹੈ।

## ਵਿਦਿਆਰਥੀ ਦੀ ਸਵੈ – ਗਤੀਵਿਧੀ – 1

ਆਪਣੇ ਸਕੂਲ ਵਿੱਚ ਜਾਂ ਆਪਣੇ ਸਮਾਜਕ ਸਹਿਚਾਰ ਵਿਚਲੇ ਕੁਝ ਲੋਕਾਂ ਬਾਰੇ ਸੋਚੋ। ਤੁਹਾਨੂੰ ਉਹਨਾਂ ਵਿੱਚੋਂ ਜ਼ਰੂਰ ਕੁਝ ਅਜਿਹੇ ਲੋਕ ਮਿਲ਼ ਜਾਣਗੇ ਜਿਨ੍ਹਾਂ ਵਿੱਚ ਕੁਝ ਵਿਸ਼ੇਸ਼ ਗੁਣ / ਹੁਨਰ ਹੋਣਗੇ – ਕਈਆਂ ਦੀ ਗੱਲਬਾਤ ਤੇ ਬੋਲਣ ਢੰਗ ਵਧੀਆ ਹੋਵੇਗਾ ਤੇ ਉਹਨਾਂ ਦਾ ਵਿਹਾਰ ਹੋਰ ਲੋਕਾਂ ਨੂੰ

ਮਿੱਤਰ ਬਣਾਉਣ ਵਾਲ਼ਾ ਹੋਵੇਗਾ। ਉਹ ਆਪਣੇ ਸਮਾਜਕ ਸਹਿਚਾਰ ਵਾਲ਼ੇ ਲੋਕਾਂ ਵਿੱਚ ਤੇ ਬਾਹਰ ਵੀ ਵਿਸ਼ਵਾਸ਼ਯੋਗਤਾ ਦਾ ਪ੍ਰਦਰਸ਼ਨ ਕਰਦੇ ਹੋਣਗੇ ਕਿ ਉਹਨਾਂ ਦਾ ਪ੍ਰਭਾਵ ਉਹਨਾਂ ਦੇ ਮਿਤਰਾਂ, ਰਿਸ਼ਤੇਦਾਰਾਂ ਵਿੱਚ ਵੱਧ ਪਸੰਦ ਕੀਤਾ ਜਾਂਦਾ ਹੋਵੇਗਾ।

ਉਹਨਾਂ ਬਾਰੇ ਬਾਹਰ-ਮੁਖੀ ਹੋ ਕੇ ਸੋਚੋ। ਉਹ ਆਪਣੇ ਸਹਿਪਾਠੀਆਂ, ਦੋਸਤਾਂ, ਮਿੱਤਰਾਂ ਵੱਲੋਂ ਵੱਧ ਪਸੰਦ ਕੀਤੇ ਜਾਂਦੇ ਹੋਣਗੇ। ਇਹਨਾਂ 'ਚੋਂ ਕੁਝ ਹੋਰ ਜੋ ਕੈਪਟਨ ਨਿਯੁਕਤ ਹੋ ਸਕਣਗੇ, ਭਾਵੇਂ ਉਹ ਬਹੁਤੇ ਹੁਸ਼ਿਆਰ ਨਾ ਵੀ ਹੋਣ ਫਿਰ ਵੀ ਉਹਨਾਂ ਚੋਂ ਕੁਝ ਨੂੰ ਕਲਾਸ ਦੇ ਇੰਚਾਰਜ ਬਣਾ ਦਿਤਾ ਹੋਵੇਗਾ।

## ਮੁੱਲਾਂਕਣ I ਸੰਖੇਪ ਉੱਤਰਾਂ ਵਾਲ਼ੇ ਪ੍ਰਸ਼ਨ

1. ਤਕਨੀਕੀ ਹੁਨਰ (ਕਿਤਾਬੀ ਹੁਨਰ) ਅਤੇ ਜਨਤਕ ਹੁਨਰ (ਵਿਹਾਰਿਕ ਹੁਨਰ) ਪਰਿਭਾਸ਼ਤ ਕਰੋ? ਵਿਹਾਰਿਕ ਹੁਨਰ ਦੀਆਂ ਵੱਖ-ਵੱਖ ਕਿਸਮਾਂ ਕਿਹੜੀਆਂ ਹਨ?

2. ਵਿਹਾਰਿਕ ਹੁਨਰ ਕੁਦਰਤੀ ਹੁੰਦਾ ਹੈ ਜਾਂ ਅਸੀਂ ਇਹ ਹੁਨਰ ਸਿੱਖਦੇ ਹਾਂ? ਕਿਹੜਾ ਹੁਨਰ ਸੌਖਿਆਂ ਸਿੱਖਿਆ ਜਾ ਸਕਦਾ ਹੈ - ਕਿਤਾਬੀ ਹੁਨਰ ਜਾਂ ਵਿਹਾਰਿਕ ਹੁਨਰ?

## 5. ਸੰਚਾਰ ਦਾ ਹੁਨਰ - ਵਿਹਾਰਿਕ ਹੁਨਰ ਦਾ ਮੂਲ

ਉੱਪਰ ਵਰਣਿਤ ਸਾਰੇ ਵਿਹਾਰਿਕ ਹੁਨਰਾਂ 'ਚੋਂ ਸੰਚਾਰ ਦਾ ਹੁਨਰ ਸਭ ਤੋਂ ਵੱਧ ਮਹੱਤਵਪੂਰਨ ਹੈ ਕਿਉਂਕਿ ਵੱਖ-ਵੱਖ ਵਿਹਾਰਿਕ ਹੁਨਰਾਂ ਲਈ ਸੰਚਾਰ ਦਾ ਹੁਨਰ ਪ੍ਰਾਪਤ ਕਰਨਾ ਜ਼ਰੂਰੀ ਹੁੰਦਾ ਹੈ। ਮਨੁੱਖ ਦੀ ਸੰਚਾਰ ਦੀ ਗਤੀਵਿਧੀ ਹਮੇਸ਼ਾਂ ਚਲਦੀ ਰਹਿੰਦੀ ਹੈ, ਉਸ ਸਮੇਂ ਤੋਂ ਬਿਨਾਂ ਜਦੋਂ ਉਹ ਸੁੱਤਾ ਪਿਆ ਹੁੰਦਾ ਹੈ। ਇੱਥੋਂ ਤੱਕ ਕਿ ਜਦੋਂ ਤੁਸੀਂ ਇਹ ਸਤਰਾਂ ਪੜ੍ਹ ਰਹੇ ਹੋ ਉਦੋਂ ਵੀ ਤੁਸੀਂ ਸੰਚਾਰ ਪ੍ਰਕਿਰਿਆ 'ਚੋਂ ਲੰਘ ਰਹੇ ਹੋ। ਇਹ ਇਤਨਾ ਮਹੱਤਵਪੂਰਨ ਹੈ ਕਿ ਅਸੀਂ ਕਹਿ ਸਕਦੇ ਹਾਂ ਕਿ ਸਾਡੇ ਸਮਾਜ, ਪਰਿਵਾਰ, ਸਾਕ-ਸੰਬੰਧੀ, ਅਤੇ ਸੰਸਥਾਵਾਂ ਆਦਿ ਦੀ ਬੁਨਿਆਦ ਹੀ ਸੰਚਾਰ ਹੈ। ਕੀ ਤੁਸੀਂ ਸੋਚਦੇ ਹੋ ਕਿ ਤੁਹਾਨੂੰ ਕਿਸੇ ਗਤੀਵਿਧੀ ਵਿੱਚ, ਜੋ ਤੁਹਾਡੇ ਲਈ ਕੁਦਰਤੀ ਤੇ ਸਪਸ਼ਟ ਹੈ, ਪੜ੍ਹਨਾ, ਸਿੱਖਣਾ ਤੇ ਨਿਪੁੰਨ ਹੋਣਾ ਚਾਹੀਦਾ ਹੈ। ਇਸ ਪ੍ਰਸ਼ਨ ਦਾ ਉੱਤਰ ਹਾਂ ਵਿੱਚ ਹੈ। ਇਸ ਉੱਤਰ ਦੀ ਪੁਸ਼ਟੀ ਲਈ ਆਓ ਅਸੀਂ ਕ੍ਰੂਬਿਨ ਸਨ ਕਰੂਸੋ ਦੀ ਕਹਾਣੀ ਯਾਦ ਕਰੀਏ – ਉਹ ਇੱਕ ਯਾਤਰੀ ਸੀ ਜੋ ਇੱਕ ਬੇਪਛਾਣ ਟਾਪੂ ਤੇ 30 ਵਰ੍ਹੇ ਫਸਿਆ ਰਿਹਾ ਸੀ। ਉਸ ਟਾਪੂ 'ਤੇ ਇੱਕ ਵੀ ਮਨੁੱਖ ਨਹੀਂ ਸੀ ਜਿਸ ਨਾਲ਼ ਉਹ ਗੱਲ ਕਰ ਸਕਦਾ, ਅਤੇ ਜਦੋਂ ਉਹ ਆਪਣੇ ਦੇਸ਼ ਪਰਤਿਆ ਤਾਂ ਉਹ ਬੋਲ ਵੀ ਨਹੀਂ ਸੀ ਸਕਦਾ ਕਿਉਂਕਿ ਉਹ ਬੋਲਣ ਦਾ ਹੁਨਰ ਹੀ ਭੁੱਲ ਚੁੱਕਾ ਸੀ।



ਇਸ ਪ੍ਰਕਾਰ ਵਿਹਾਰਿਕ ਹੁਨਰ 'ਚ ਨਿਪੁੰਨ ਹੋਣ ਲਈ ਸਭ ਤੋਂ ਪਹਿਲਾਂ ਸਾਨੂੰ ਸੰਚਾਰ ਦੇ ਹੁਨਰ 'ਚ ਨਿਪੁੰਨਤਾ ਹਾਸਲ ਕਰਨੀ ਪਵੇਗੀ। ਸੈਰ-ਸਪਾਟਾ ਸੱਨਅਤ ਵਿੱਚ ਵਿਸ਼ੇਸ ਕਰਕੇ ਤੁਹਾਨੂੰ ਲਗ-ਪਗ ਵੱਖ-ਵੱਖ ਕਿਸਮ ਦੇ ਲੋਕਾਂ, ਸੈਲਾਨੀਆਂ, ਏਅਰਲਾਈਨਜ਼ ਕਰਮਚਾਰੀਆਂ, ਹੋਟਲ ਸਟਾਫ, ਗਾਈਡਾਂ, ਵੀਜ਼ਾ ਅਫਸਰਾਂ, ਟੈਕਸੀ ਡਰਾਈਵਰਾਂ, ਟਰਾਂਸਪੋਰਟਰ ਆਦਿ ਨਾਲ਼ ਪ੍ਰਭਾਵੀ ਸੰਚਾਰ ਕਰਨਾ ਪੈਂਦਾ ਹੈ।

## 6. ਸੰਚਾਰ - ਇੱਕ ਸੰਕਲਪ

ਕਿਸੇ ਸੰਕਲਪ ਨੂੰ ਸਮਝਣ ਲਈ ਸਭ ਤੋਂ ਵਧੀਆ ਤਰੀਕਾ ਡਿਕਸ਼ਨਰੀ 'ਚੋਂ ਇਸ ਦਾ ਅਰਥ ਲੱਭਣਾ ਹੈ। ਕਮਿਊਨੀਕੇਸ਼ਨ (ਸੰਚਾਰ) ਲਾਤੀਨੀ ਭਾਸ਼ਾ ਦੇ ਨਾਵ ਕਮਿਊਨਿਸ ਤੋਂ ਅਤੇ ਲਾਤੀਨੀ ਕਿਰਿਆ 'ਕਮਿਊਨੀਕੇਅਰ' ਤੋਂ ਲਿਆ ਗਿਆ ਹੈ ਜਿਸ ਦਾ ਅਰਥ ਹੈ ਸਾਧਾਰਨ ਬਣਾਉਣਾ, ਸੰਚਾਰਿਤ

ਕਰਨਾ ਜਾਂ ਦੂਸਰੇ ਵਿਅਕਤੀ ਨੂੰ ਗੱਲ ਸਮਝਾਉਣਾ।

ਸਾਧਾਰਨ ਸ਼ਬਦਾਂ ਵਿੱਚ ਸੰਚਾਰ ਉਹ ਗਤੀਵਿਧੀ ਹੈ ਜਿਸ ਨਾਲ਼ ਅਸੀਂ ਆਪਣਾ ਵਿਚਾਰ, ਜਾਣਕਾਰੀ, ਅਨੁਭਵ ਤੇ ਰਾਏ ਕਿਸੇ ਵਿਅਕਤੀ ਜਾਂ ਵਿਅਕਤੀਆਂ ਨਾਲ਼ ਸਾਂਝੀ ਕਰਦੇ ਹਾਂ। ਇਸ ਪ੍ਰਕਿਰਿਆ ਵਿਚ ਦੋਵੇਂ ਧਿਰਾਂ ਪ੍ਰਕਿਰਿਆ ਦੇ ਤਿੰਨ ਪੱਖ ਮਹੱਤਵਪੂਰਨ ਹਨ – ਸੁਨੇਹੇ ਦਾ ਸੰਚਾਰ, ਸੁਨੇਹੇ ਨੂੰ ਸੁਣਨਾ / ਪ੍ਰਾਪਤ ਕਰਨਾ, ਅਤੇ ਗੱਲਬਾਤ 'ਚ ਸ਼ਾਮਲ ਧਿਰਾਂ ਦੀ ਇਕਸਾਰ ਸਮਝ –ਬੂਝ। ਸੁਨੇਹੇ ਦਾ ਸੰਚਾਰ ਕਈ ਢੰਗਾਂ ਨਾਲ਼ ਕੀਤਾ ਜਾ ਸਕਦਾ ਹੈ – ਸ਼ਬਦ ਬੋਲ ਕੇ ਜਾਂ ਲਿਖ ਕੇ, ਸਰੀਰਿਕ ਹਾਵਾਂ – ਭਾਵਾਂ ਨਾਲ਼ ਜਾਂ ਸੰਕੇਤਾਂ ਜ਼ਰੀਏ। ਸਮਝ – ਬੂਝ ਦਾ ਅਰਥ ਹੈ ਗੱਲਬਾਤ 'ਚ ਸ਼ਾਮਲ ਦੋਵੇਂ ਧਿਰਾਂ ਉਸ ਸੁਨੇਹੇ ਦਾ ਇੱਕੋ ਤਰ੍ਹਾਂ ਦਾ ਅਰਥ ਲੈਣ। ਇਸ ਦੀ ਪੁਸ਼ਟੀ ਪ੍ਰਤੀ–ਸੂਚਨਾ ਦੀ ਮਦਦ ਨਾਲ਼ ਵੀ ਕੀਤੀ ਜਾ ਸਕਦੀ ਹੈ। ਜਦੋਂ ਸਮਝ – ਬੂਝ ਪ੍ਰਾਪਤ ਕਰ ਲਈ ਗਈ ਤਦੇ ਹੀ ਸੰਚਾਰ ਮੁਕੰਮਲ ਸਮਝਿਆ ਜਾਵੇਗਾ।

ਸੰਚਾਰ ਨੂੰ ਕਈ ਸਿਧਾਂਤਕਾਰਾਂ ਨੇ ਪਰਿਭਾਸ਼ਤ ਕੀਤਾ ਹੈ:


ਡਬਲਯੂ ਐਚ ਨਿਊਮੈਨ ਦਾ ਕਹਿਣਾ ਹੈ ਕਿ ਸੰਚਾਰ ਦੋ ਜਾਂ ਵੱਧ ਵਿਅਕਤੀਆਂ ਵਿੱਚ ਤੱਥਾਂ, ਵਿਚਾਰਾਂ, ਸਲਾਹਾਂ ਜਾਂ ਭਾਵਨਾਵਾਂ ਦਾ ਆਦਾਨ– ਪ੍ਰਦਾਨ ਹੈ।

ਐਲਨ ਲੂਈਸ ਅਨੁਸਾਰ "ਸੰਚਾਰ, ਕਿਸੇ ਵਿਅਕਤੀ ਦੇ ਮਨ 'ਚ ਪੈਦਾ ਹੋਏ ਵਿਚਾਰਾਂ, ਕੰਮਾਂ ਦਾ ਜੋੜ ਹੈ ਜਦੋਂ ਉਹ ਕਿਸੇ ਹੋਰ ਵਿਅਕਤੀ ਦੇ ਮਨ 'ਚ ਉਹਨਾਂ ਵਿਚਾਰਾਂ ਤੇ ਕੰਮਾਂ ਦੀ ਸਮਝ–ਬੂਝ ਪੈਦਾ ਕਰਨਾ ਚਾਹੁੰਦਾ ਹੈ। ਇਹ ਇੱਕ ਸਿਲਸਿਲੇਵਾਰ ਤੇ ਲਗਾਤਾਰ ਪ੍ਰਕਿਰਿਆ ਹੈ।"

## 7. ਸੰਚਾਰ ਦੀ ਪ੍ਰੀਕਿਰਿਆ

ਜਿਵੇਂ ਕਿ ਉੱਪਰ ਕਿਹਾ ਗਿਆ ਹੈ ਸੰਚਾਰ ਇੱਕ ਸਿਲਸਿਲੇਵਾਰ ਤੇ ਲਗਾਤਾਰ ਚਲੱਣ ਵਾਲ਼ੀ ਪ੍ਰਕਿਰਿਆ ਹੈ। ਇਹਨਾਂ ਵੱਖ ਵੱਖ ਪੜਾਵਾਂ ਨੂੰ ਸਮਝਣ ਲਈ ਅਸੀਂ ਸੰਚਾਰ ਪ੍ਰਕਿਰਿਆ ਦੇ ਇੱਕ ਸਾਧਾਰਨ ਚਿੱਤਰ ਦੀ ਮਦਦ ਲੈ ਸਕਦੇ ਹਾਂ। ਇਹ ਚਿੱਤਰ ਇਸ ਲਈ ਵੀ ਮਹੱਤਵਪੂਰਨ ਹੈ ਕਿ ਇਸ ਦੀ ਮਦਦ ਨਾਲ਼ ਸੰਚਾਰ ਦੀ ਸਮੁਚੀ ਪ੍ਰਕਿਰਿਆ ਨੂੰ ਪੜਾਅ ਵਾਰ ਸਮਝਿਆ ਜਾ ਸਕਦਾ ਹੈ।

## ਸੰਚਾਰ ਪ੍ਰਕਿਰਿਆ ਦਾ ਮਾਡਲ




(ਸ੍ਰੋਤ: ਕੁਮਾਰ ਐੱਸ. ਅਤੇ ਸਿੰਘ, ਪੁਸ਼ਪਲਤਾ, ਕਮਿਊਨੀਕੇਸ਼ਨ ਸਕਿਲਜ਼ 2011)

## ਚਿੱਤਰ ਬਾਰੇ ਵੇਰਵੇ :

ਉੱਪਰ ਦਿੱਤਾ ਗਿਆ ਚਿੱਤਰ ਸੰਚਾਰ ਪ੍ਰਕਿਰਿਆ ਦੇ ਮੁਢਲੇ ਤੱਤਾਂ ਦੀ ਵਿਆਖਿਆ ਕਰਦਾ ਹੈ। ਹਰੇਕ ਤੱਤ ਦੀ ਸੰਖੇਪ ਵਿਆਖਿਆ, ਸੈਰ-ਸਪਾਟਾ ਸੱਨਅਤ ਦੀ ਉਦਾਹਰਨ ਸਮੇਤ ਹੇਠ ਲਿਖੀਆਂ ਸਤਰਾਂ ਵਿੱਚ ਦਿੱਤੀ ਗਈ ਹੈ।

### ✚ ਸੰਦੇਸ਼ ਭੇਜਣ ਵਾਲਾ

ਸੰਦੇਸ਼ ਭੇਜਣ ਵਾਲ਼ੇ ਤੋਂ ਹੀ ਸੰਚਾਰ ਦੀ ਸ਼ੁਰੂਆਤ ਹੁੰਦੀ ਹੈ। ਸੰਦੇਸ਼ ਭੇਜਣ ਵਾਲ਼ਾ ਇਕੱਲਾ ਜਾਂ ਸਮੂਹ ਹੋ ਸਕਦਾ ਹੈ ਜਿਸ ਵੱਲੋਂ ਕਿਸੇ ਵਿਸ਼ੇਸ਼ ਕਾਰਨ ਲਈ ਸੰਚਾਰ ਪ੍ਰਕਿਰਿਆ ਨੂੰ ਆਰੰਭ ਕੀਤਾ ਜਾਂਦਾ ਹੈ। ਅਰਥਾਤ ਉਸ ਦੇ ਮਨ ਵਿੱਚ ਕੋਈ ਵਿਚਾਰ ਸੂਚਨਾ ਜਾਂ ਅਨੁਭਵ ਹੁੰਦਾ ਹੈ ਜੋ ਉਹ ਦੂਜਿਆਂ ਨਾਲ਼ ਸਾਂਝਾ ਕਰਨਾ ਚਾਹੁੰਦਾ ਹੈ।

ਮਿਸਾਲ ਦੇ ਤੌਰ ਤੇ ਰਾਹੁਲ ਏ. ਬੀ. ਸੀ. ਟਰੈਵਲ ਕੰਪਨੀ ਵਿੱਚ ਯਾਤਰਾ ਸਲਾਹਕਾਰ ਹੈ। ਇੱਕ ਸੈਲਾਨੀ ਉਸ ਦੇ ਦਫ਼ਤਰ ਵਿੱਚ ਆਉਂਦਾ ਹੈ। ਹੁਣ, ਇਹ ਰਾਹੁਲ ਦਾ ਫਰਜ਼ ਹੈ ਕਿ ਉਹ ਸੈਲਾਨੀ ਨੂੰ ਉਸਦੇ ਆਉਣ ਦਾ ਮੰਤਵ ਪੁੱਛੇ। ਇਸ ਦਾ ਅਰਥ ਇਹ ਹੋਇਆ ਕਿ ਰਾਹੁਲ ਦੇ ਕੋਲ ਕੋਈ ਵਿਸ਼ੇਸ਼ ਕਾਰਨ ਹੈ ਕਿ ਉਹ ਸੈਲਾਨੀ ਨਾਲ਼ ਸੰਚਾਰ ਪ੍ਰਕਿਰਿਆ ਦੀ ਸ਼ੁਰੂਆਤ ਕਰੇ।

## ਐਨਕੋਡਿੰਗ (ਵਿਚਾਰਾਂ ਨੂੰ ਕੋਡ ਵਿੱਚ ਬਦਲਣਾ)

ਹੁਣ ਜਦੋਂ ਸੰਚਾਰ ਸ਼ੁਰੂ ਕਰਨ ਦੇ ਕਾਰਨ ਦਾ ਫੈਸਲਾ ਹੋ ਗਿਆ ਹੈ, ਸੰਦੇਸ਼ ਭੇਜਣ ਵਾਲੇ ਦੇ ਮਨ ਵਿੱਚ (ਰਾਹੁਲ ਦੇ ਮਨ ਵਿੱਚ) ਜੋ ਵਿਚਾਰ ਹੈ ਉਸ ਨੂੰ ਐਨਕੋਡ ਕਰਕੇ ਇੱਕ ਫਾਰਮੈਟ ਵਿੱਚ ਬਦਲ ਕੇ ਸੰਦੇਸ਼ ਤਿਆਰ ਕਰੇ। ਇਹ ਸੰਚਾਰ ਪ੍ਰਕਿਰਿਆ ਦਾ ਅਗਲਾ ਕਦਮ ਹੈ ਤੇ ਇਸ ਨੂੰ ਐਨਕੋਡਿੰਗ ਕਹਿੰਦੇ ਹਨ। ਇਸ ਦਾ ਅਰਥ ਹੈ ਮਨ ਵਿਚਲੇ ਵਿਚਾਰ ਨੂੰ ਇੱਕ ਸਿਲਸਿਲੇਵਾਰ ਰੂਪ ਵਿੱਚ ਬਦਲਣਾ। ਇਹ ਪ੍ਰਕਿਰਿਆ ਮੌਖਿਕ ਵੀ ਹੋ ਸਕਦੀ ਹੈ ਤੇ ਗੈਰ ਮੌਖਿਕ ਵੀ। ਐਨਕੋਡਿੰਗ ਆਮ ਤੌਰ ਤੇ ਸਰੋਤੇ ਜਿਸ ਨੇ ਤੁਹਾਡਾ ਸੰਦੇਸ ਪ੍ਰਾਪਤ ਕਰਨਾ ਹੈ ਨੂੰ ਧਿਆਨ ਵਿੱਚ ਰੱਖਕੇ ਕੀਤੀ ਜਾਂਦੀ ਹੈ।

ਆਪਣੀ ਉਦਾਹਰਨ ਵਿੱਚ ਰਾਹੁਲ ਸੈਲਾਨੀ ਦਾ ਮੁਸਕੁਰਾਹਟ ਦੇ ਨਾਲ਼ ਸੁਆਗਤ ਕਰੇਗਾ ਤੇ ਕਹੇਗਾ "ਸ਼ੁੱਭ ਸਵੇਰ, ਜਨਾਬ ! ਏ ਬੀ. ਸੀ. ਟਰੈਵਲ ਕੰਪਨੀ 'ਚ ਤੁਹਾਡਾ ਸੁਆਗਤ ਹੈ। ਮੇਰਾ ਨਾਂ ਰਾਹੁਲ ਹੈ, ਮੈਂ ਤੁਹਾਡੀ ਕੀ ਸੇਵਾ ਕਰ ਸਕਦਾ ਹਾਂ?" ਰਾਹੁਲ ਨੇ ਇਹ ਗੱਲ ਜ਼ੁਬਾਨੀ (ਇਹ ਸਤਰ ਬੋਲ ਕੇ) ਆਖੀ ਹੈ .. ਤੇ ਗੈਰ ਮੌਖਿਕ ਤਰੀਕਾ (ਚਿਹਰੇ ਤੇ ਮੁਸਕਰਾਹਟ ਲਿਆ ਕੇ) ਉਸ ਨੇ ਐਨਕੋਡਿੰਗ ਲਈ ਮੌਖਿਕ ਤੇ ਗੈਰ-ਮੌਖਿਕ ਦੋਵੇਂ ਤਰੀਕੇ ਵਰਤੇ ਹਨ।

## ਸੰਦੇਸ

ਕੋਈ ਜਾਣਕਾਰੀ, ਵਿਚਾਰ ਜਾਂ ਸੰਕਲਪ, ਜੋ ਕਿ ਸੰਦੇਸ਼ ਭੇਜਣ ਵਾਲ਼ਾ ਦੂਸਰੇ ਵਿਅਕਤੀ ਨੂੰ ਸੰਚਾਰਿਤ ਕਰਨਾ ਚਾਹੁੰਦਾ ਹੈ। ਸੰਦੇਸ ਕਹਿਲਾਉਂਦਾ ਹੈ। ਉਪਰੋਕਤ ਉਦਾਹਰਨ ਵਿੱਚ ਜੋ ਸਤਰ ਰਾਹੁਲ ਵੱਲੋਂ ਬੋਲ ਕੇ ਕਹੀ ਗਈ ਹੈ ਤੇ ਉਸਦੇ ਚਿਹਰੇ ਦੇ ਹਾਵ ਭਾਵ (ਮੁਸਕਰਾਹਟ) ਸੰਦੇਸ ਅਖਵਾਉਣਗੇ।

## ਚੈਨਲ

ਸੰਦੇਸ ਭੇਜਣ ਲਈ ਵਰਤਿਆ ਗਿਆ ਤਰੀਕਾ ਜਾਂ ਮਾਧਿਅਮ ਚੈਨਲ ਹੁੰਦਾ ਹੈ। ਮਾਧਿਅਮ ਜਾਂ ਚੈਨਲ ਜ਼ੁਬਾਨੀ, ਲਿਖਤੀ ਜਾਂ ਗੈਰ ਮੌਖਿਕ ਹੋ ਸਕਦਾ ਹੈ। ਮਿਸਾਲ ਵਜੋਂ ਰਾਹੁਲ ਨੇ ਆਪਣੇ ਸੰਦੇਸ ਲਈ ਮੌਖਿਕ ਤੇ ਗੈਰ ਮੌਖਿਕ ਦੋਵੇਂ ਮਾਧਿਅਮ ਵਰਤੇ ਹਨ। ਇਸ ਪੁਸਤਕ ਦੇ ਪਾਠ ਦੌਰਾਨ ਤੁਸੀਂ ਸੰਚਾਰ ਦਾ ਲਿਖਤੀ ਚੈਨਲ ਵਰਤ ਰਹੇ ਹੋ।

## ਸੰਦੇਸ਼ ਪ੍ਰਾਪਤ ਕਰਤਾ

ਡੀਕੋਡਿੰਗ ਬਾਰੇ ਜਾਨਣ ਤੋਂ ਪਹਿਲਾਂ ਤੁਹਾਨੂੰ ਸੰਦੇਸ ਪ੍ਰਾਪਤ ਕਰਨ ਵਾਲ਼ੇ ਬਾਰੇ ਸਮਝਣਾ ਪਵੇਗਾ ਕਿਉਂਕਿ ਜੋ ਸੰਦੇਸ਼ ਭੇਜਿਆ ਜਾਵੇਗਾ ਉਸ ਨੂੰ ਕੋਈ ਪ੍ਰਾਪਤ ਵੀ ਕਰੇਗਾ। ਜੋ ਵਿਅਕਤੀ ਸੰਦੇਸ ਪ੍ਰਾਪਤ ਕਰੇਗਾ ਉਹ ਸੰਦੇਸ ਪ੍ਰਾਪਤ ਕਰਤਾ ਹੋਵੇਗਾ। ਸਾਡੀ ਉਦਾਹਰਣ ਵਿੱਚ ਰਾਹੁਲ ਵੱਲੋਂ ਭੇਜਿਆ ਸੰਦੇਸ ਪ੍ਰਾਪਤ ਕਰਤਾ ਉਹ ਸੈਲਾਨੀ ਹੈ, ਜੋ ਏ. ਬੀ. ਸੀ. ਟਰੈਵਲ ਕੰਪਨੀ ਵਿੱਚ ਆਉਂਦਾ ਹੈ।

## ਡੀਕੋਡਿੰਗ

ਜਦੋਂ ਸੰਦੇਸ ਉਹ ਵਿਅਕਤੀ ਕੋਲ ਪਹੁੰਚ ਗਿਆ ਜਿਸ ਨੂੰ ਉਹ ਭੇਜਿਆ ਗਿਆ ਸੀ, ਸੰਦੇਸ ਪ੍ਰਾਪਤ ਕਰਤਾ ਮੂਲ ਸੰਦੇਸ ਦਾ ਅਰਥ ਕੱਢੇਗਾ। ਇਸ ਨੂੰ ਡੀਕੋਡਿੰਗ ਕਹਿੰਦੇ ਹਨ। ਇਸ ਪ੍ਰਕਿਰਿਆ ਨਾਲ਼ ਉਹ ਸੰਦੇਸ਼ ਦਾ ਅਰਥ ਕੱਢੇਗਾ। ਸੰਦੇਸ ਨੂੰ ਸਮਝ ਜਾਵੇਗਾ। ਇਹ ਪ੍ਰਕਿਰਿਆ ਐਨਕੋਡਿੰਗ ਦੇ ਬਿਲਕੁਲ ਉਲਟ ਵਾਲ਼ੀ ਹੈ। ਆਪਣੀ ਉਦਾਹਰਣ ਵਿੱਚ ਸੈਲਾਨੀ ਰਾਹੁਲ ਵੱਲੋਂ ਬੋਲੀ ਗਈ ਸਤਰ ਦਾ ਭਾਵ-ਅਰਥ ਸਮਝ ਕੇ ਤੇ ਰਾਹੁਲ ਦੀ ਮੁਸਕਰਾਹਟ ਨੂੰ ਵੇਖ ਕੇ ਡੀਕੋਡਿੰਗ ਦੀ ਪ੍ਰਕਿਰਿਆ ਮੁਕੰਮਲ ਕਰੇਗਾ।

## ਫੀਡ ਬੈਕ (ਪਰਤੀ ਸੂਚਨਾ)


ਫੀਡ ਬੈਕ ਸੰਦੇਸ ਪ੍ਰਾਪਤ ਕਰਤਾ ਵੱਲੋਂ ਮਿਲ਼ੇ ਸੰਦੇਸ ਦੇ ਜੁਆਬ ਨੂੰ ਕਹਿੰਦੇ ਹਨ। ਸੰਦੇਸ ਪ੍ਰਾਪਤ ਕਰਤਾ ਦੇ ਇੱਕ ਹੁੰਗਾਰੇ ਤੋਂ ਇਹ ਪਤਾ ਲੱਗ ਜਾਵੇਗਾ ਕਿ ਉਸ ਨੇ ਭੇਜੇ ਗਏ ਸੰਦੇਸ ਨੂੰ ਸਮਝ ਲਿਆ ਹੈ,

ਜਾਂ ਨਹੀਂ ਸਮਝਿਆ ਜਾਂ ਪੂਰੀ ਤਰ੍ਹਾਂ ਨਹੀਂ ਸਮਝਿਆ । ਫੀਡ ਬੈਕ ਤੋਂ ਬਿਨਾਂ ਸੰਦੇਸ ਭੇਜਣ ਵਾਲ਼ੇ ਦਾ ਸੰਚਾਰ ਦਾ ਯਤਨ ਪੂਰਾ ਨਹੀਂ ਹੋਵੇਗਾ। ਫੀਡ ਬੈਕ ਦਾ ਆਪਣੇ ਆਪ 'ਚ ਮਹੱਤਵ ਹੈ, ਕਿਉਂਕਿ ਇਸ ਨਾਲ਼ ਹੀ ਸੰਚਾਰ ਦੀ ਸਫ਼ਲਤਾ / ਅਸਫ਼ਲਤਾ ਦਾ ਪਤਾ ਲੱਗਦਾ ਹੈ। ਆਪਣੀ ਉਦਾਹਰਨ ਵਿੱਚ ਸੈਲਾਨੀ ਦਾ ਹੁੰਗਾਰਾ (ਫੀਡ ਬੈਕ) ਇਹ ਹੋ ਸਕਦਾ ਹੈ " ਸ਼ੁੱਭ ਸਵੇਰ, ਰਾਹੁਲ, ਮੇਰਾ ਨਾਂ ਅਮਿਤ ਹੈ, ਮੈਂ ਗੋਆ ਦਾ ਤਿੰਨ ਦਿਨਾਂ ਦਾ ਟੂਰ ਪੈਕੇਜ ਚਾਹੁੰਦਾ ਹਾਂ।" ਇਸ ਫੀਡ ਬੈਕ ਤੋਂ ਸਪਸ਼ਟ ਹੈ ਕਿ ਰਾਹੁਲ ਵੱਲੋਂ ਸੈਲਾਨੀ ਨੂੰ ਭੇਜੇ ਗਏ ਸੰਦਸ ਦਾ ਠੀਕ ਸੰਚਾਰ ਹੋ ਗਿਆ ਹੈ।

## ਸ਼ੋਰ

ਸੰਚਾਰ ਪ੍ਰਕਿਰਿਆ ਵਿਚਲਾ ਇੱਕ ਹੋਰ ਤੱਤ ਸ਼ੋਰ ਵੀ ਹੈ। ਇਸ ਦਾ ਵੀ ਸੰਚਾਰ ਪ੍ਰਕਿਰਿਆ ਦੀ ਸਫਲਤਾ 'ਤੇ ਸਿੱਧਾ ਪ੍ਰਭਾਵ ਹੈ। ਸ਼ੋਰ ਮੂਲ ਸੰਦੇਸ 'ਚ ਦਾਖ਼ਲ ਹੋ ਕੇ ਉਸ ਨੂੰ ਬਦਲ ਦੇਂਦਾ ਹੈ। ਇਹ ਆਮ ਤੌਰ 'ਤੇ ਸੰਚਾਰ ਪ੍ਰਕਿਰਿਆ ਦੌਰਾਨ ਆ ਜਾਂਦਾ ਹੈ। ਇਸ ਨੂੰ ਸੰਚਾਰ ਵਿੱਚ ਰੁਕਾਵਟ ਵੀ ਕਹਿ ਸਕਦੇ ਹਾਂ। ਸ਼ੋਰ ਸਰੀਰਿਕ ਵੀ ਹੋ ਸਕਦਾ ਹੈ ਜਿਵੇਂ ਕਿ ਕੋਈ ਆਵਾਜ਼ ਜੋ ਸੰਦੇਸ ਵਿੱਚ ਗੜਬੜ ਕਰ ਦੇਂਦੀ ਹੈ। ਕਈ ਵਾਰ ਸੰਦੇਸ਼ ਭੇਜਣ ਵਾਲ਼ੇ ਵੱਲੋਂ ਵਰਤੀ ਗਈ ਸ਼ਬਦਾਵਲੀ ਜੋ ਸੰਦੇਸ ਪ੍ਰਾਪਤ ਕਰਤਾ ਦੀ ਸਮਝ ਤੋਂ ਬਾਹਰ ਹੁੰਦੀ ਹੈ ਵੀ ਸੰਚਾਰ ਵਿੱਚ ਵਿਘਨ ਪਾ ਦਿੰਦੀ ਹੈ। ਸੰਚਾਰ ਨੂੰ ਪ੍ਰਭਾਵੀ ਬਣਾਉਣ ਲਈ ਸਾਨੂੰ ਸੰਦੇਸ਼ ਭੇਜਣ ਦੌਰਾਨ ਸ਼ੋਰ ਨੂੰ ਘੱਟ ਤੋਂ ਘੱਟ ਕਰ ਦੇਣਾ ਚਾਹੀਦਾ ਹੈ। ਮਿਸਾਲ ਦੇ ਤੌਰ 'ਤੇ ਜਦੋਂ ਰਾਹੁਲ ਸੈਲਾਨੀ ਨਾਲ਼ ਗੱਲ ਕਰ ਰਿਹਾ ਸੀ ਜੇ ਉਦੋਂ ਹੀ ਸੈਲਾਨੀ ਦੇ ਫ਼ੋਨ ਦੀ ਘੰਟੀ ਵੱਜਣ ਲੱਗ ਪੈਂਦੀ ਤਾਂ ਇਸ ਸ਼ੋਰ ਨੇ ਸੰਚਾਰ 'ਚ ਵਿਘਨ ਪਾ ਦੇਣਾ ਸੀ।

ਸੰਚਾਰ ਦੀ ਪ੍ਰਕਿਰਿਆ ਲਗਾਤਾਰ ਪ੍ਰਕਿਰਿਆ ਹੈ, ਇਹ ਉਸਾਰੂ ਹੈ ਤੇ ਦੋਪਾਸੀ ਪ੍ਰਕਿਰਿਆ ਹੈ ਜਿਸ ਵਿੱਚ ਸੰਦੇਸ ਭੇਜਣ ਵਾਲ਼ਾ ਤੇ ਸੰਦੇਸ ਪ੍ਰਾਪਤ ਕਰਤਾ ਆਪੋ ਆਪਣੀ ਭੂਮਿਕਾ ਬਦਲਦੇ ਰਹਿੰਦੇ ਹਨ।



ਕਲਾਸ ਵਿੱਚ ਕੀਤਾ ਜਾਣ ਵਾਲ਼ਾ ਕੰਮ 1 ਸੰਦੇਸ ਭੇਜਣ ਦੀ ਖੇਡ

ਅਧਿਆਪਕ ਪੂਰੀ ਕਲਾਸ ਨੂੰ ਦੋ ਸਮੂਹਾਂ ਵਿੱਚ ਵੰਡ ਲਵੇ .. .. .. .. .. .. .. .. .. .. .. .. .. .. .. .. .. .. .. .. .. .. .. .. .. .. .. .. .. .. .. .. .. .. .. .. .. .. .. ..

## ਮੁੱਲਾਂਕਣ

## ਮੁੱਲਾਂਕਣ II ਸੰਖੇਪ ਉੱਤਰਾਂ ਵਾਲ਼ੇ ਪ੍ਰਸ਼ਨ :

1. ਸੰਚਾਰ ਦੀ ਪਰਿਭਾਸ਼ਾ ਕੀ ਹੈ? ਇਹ ਕਿਉਂ ਜ਼ਰੂਰੀ ਹੈ ਕਿ ਸੈਰ-ਸਪਾਟਾ ਸੱਨਅਤ ਵਿਚ ਕੰਮ ਕਰਨ ਲਈ ਸਾਡੇ ਵਿਚ ਵਧੀਆ ਸੰਚਾਰ ਦਾ ਹੁਨਰ ਹੋਣਾ ਚਾਹੀਦਾ ਹੈ?

________________________________________

________________________________________

2. ਕੀ ਸਾਨੂੰ ਵਧੀਆ ਸੰਚਾਰ ਲਈ ਕੁਝ ਸਿੱਖਣ ਦੀ ਲੋੜ ਹੁੰਦੀ ਹੈ? ਸਫ਼ਲ ਸੰਚਾਰ ਦੇ ਤਿੰਨ ਮੁੱਢਲੇ ਪੱਖ ਕਿਹੜੇ-ਕਿਹੜੇ ਹਨ?

________________________________________

________________________________________

3. ਸੰਚਾਰ ਚੱਕਰ / ਪ੍ਰਕਿਰਿਆ ਨੂੰ ਵਿਸਥਾਰ ਸਹਿਤ ਬਿਆਨ ਕਰਦਾ ਚਿੱਤਰ ਬਣਾਓ –

________________________________________

________________________________________


## ਭੂਮਿਕਾ ਨਿਭਾਉਣ ਦੀ ਖੇਡ / ਗਤੀਵਿਧੀ : 1 - ਸੰਚਾਰ ਪ੍ਰਕਿਰਿਆ ਪੂਰੀ ਕਰਨਾ ਤੇ ਇਸ ਦੀ ਪਛਾਣ :

ਇਹ ਗਤੀਵਿਧੀ ਵਿਦਿਆਰਥੀ ਆਪਣੇ ਅਧਿਆਪਕ ਦੀ ਨਿਗਰਾਨੀ ਹੇਠ ਕਰਨ। ਅਧਿਆਪਕ ਚਾਰ – ਚਾਰ ਵਿਦਿਆਰਥੀਆਂ ਦੀ ਟੋਲੀ ਬਣਾਵੇ (ਟੋਲੀਆਂ ਬਣਾਉਣ ਲਈ ਇਹ ਖਿਆਲ ਜ਼ਰੂਰ ਰੱਖਿਆ ਜਾਵੇ ਟੋਲੀਆਂ 'ਚ ਸ਼ਾਮਲ ਵਿਦਿਆਰਥੀ ਆਪੋ ਵਿੱਚ ਮਿਤਰ ਨਾ ਹੋਣ ਤੇ ਉਹ ਹਮੇਸ਼ਾ ਇਕੱਠੇ ਨਾ ਬੈਠਦੇ ਹੋਣ)। ਅਧਿਆਪਕ ਹਰੇਕ ਟੋਲੀ ਨੂੰ ਵਾਰ-ਵਾਰ ਆਪਣੇ ਕੋਲ਼ ਬੁਲਾਵੇ। ਹਰੇਕ ਟੋਲੀ, ਸੰਚਾਰ ਚੱਕਰ ਨੂੰ ਪੂਰਾ ਕਰੇ। ਜਿਵੇਂ ਕਿ ਉਦਾਹਰਣ ਵਿਚ ਦੱਸਿਆ ਗਿਆ ਹੈ ਕਿ ਰਾਹੁਲ ਯਾਤਰਾ ਸਮਝਦਾਰ ਹੈ ਅਤੇ ਅਮਿਤ ਸੈਲਾਨੀ ਹੈ। ਇੱਕ ਵਿਦਿਆਰਥੀ ਰਾਹੁਲ ਦੀ ਭੂਮਿਕਾ ਨਿਭਾਵੇ ਅਤੇ ਇੱਕ ਵਿਦਿਆਰਥੀ ਅਮਿਤ ਦੀ ਭੂਮਿਕਾ ਨਿਭਾਵੇ। ਹੋਰ ਦੋ ਵਿਦਿਆਰਥੀਆਂ ਨੂੰ ਕਿਹਾ ਜਾਵੇ ਕਿ ਜੋ ਵੀ ਉਹ ਚਾਹੁਣ ਭੂਮਿਕਾ ਨਿਭਾਉਣ ਤੇ ਸੰਚਾਰ ਚੱਕਰ ਨੂੰ ਮੁਕੰਮਲ ਕਰਨ। ਇਹ ਸੰਚਾਰ ਚੱਕਰ ਗੋਆ ਦੇ ਟੂਰ ਪੈਕੇਜ ਨਾਲ਼ ਸੰਬੰਧਿਤ ਹੋਵੇ। ਸੰਚਾਰ ਦੇ ਤੱਤਾਂ – ਸੰਦੇਸ ਭੇਜਣ ਵਾਲ਼ਾ, ਐਨਕੋਡਿੰਗ, ਸੰਦਸ ਮਾਧਿਅਮ, ਸੰਦੇਸ ਪ੍ਰਾਪਤ ਕਰਨ ਵਾਲ਼ਾ, ਡੀਕੋਡਿੰਗ, ਫੀਡ ਬੈਕ ਤੇ ਸ਼ੋਰ ਦੀ ਪਛਾਣ ਕੀਤੀ ਜਾਵੇ ਜਿਵੇਂ ਕਿ ਇਹ ਚਾਰ ਵਿਦਿਆਰਥੀਆਂ ਦੀ ਟੋਲੀ ਵਿੱਚ ਵਾਪਰਦਾ ਹੈ। ਬਾਕੀ ਵਿਦਿਆਰਥੀ ਜੋ ਇਸ ਭੂਮਿਕਾ ਨਿਭਾਉਣ ਦੀ ਖੇਡ ਨੂੰ ਵੇਖਦੇ ਹਨ ਨੂੰ ਪੁਛਿਆ ਜਾਵੇ ਕਿ ਕੀ ਇਹ ਸੰਚਾਰ ਪ੍ਰਕਿਰਿਆ ਸਫ਼ਲ ਹੈ ਜਾਂ ਅਸਫ਼ਲ? ਇਹ ਭੂਮਿਕਾ ਨਿਭਾਉਣ ਵਾਲ਼ੀ ਖੇਡ ਤੋਂ ਪਿੱਛੋਂ ਅਧਿਆਪਕ ਵਿਦਿਆਰਥੀਆਂ ਨੂੰ ਇਹ ਦੱਸੇ ਕਿ ਓਹੁਨ੍ਹਾਂ ਦੇ ਸੰਚਾਰ ਚੱਕਰ ਵਿੱਚ ਕੀ ਠੀਕ ਸੀ ਤੇ ਕੀ ਗ਼ਲਤ ਸੀ। ਇਹ ਭੂਮਿਕਾ ਨਿਭਾਉਣ ਦੀ ਖੇਡ ਕਲਾਸ ਦੇ ਸਾਰੇ ਵਿਦਿਆਰਥੀਆਂ ਵੱਲੋਂ ਦੁਹਰਾਈ ਜਾਵੇ।

## 8. ਸੰਚਾਰ ਦੀਆਂ ਕਿਸਮਾਂ

ਹੁਣ ਜਦੋਂ ਅਸੀਂ ਸੰਚਾਰ ਬਾਰੇ ਸਮਝ ਚੁੱਕੇ ਹਾਂ। ਹੁਣ ਅਸੀਂ ਸੰਚਾਰ ਦੀਆਂ ਵੱਖ-ਵੱਖ ਕਿਸਮਾਂ ਬਾਰੇ ਪੜ੍ਹਾਂਗੇ। ਸੰਚਾਰ ਨੂੰ ਵੱਖ-ਵੱਖ ਆਧਾਰਾਂ 'ਤੇ ਪਰਿਭਾਸ਼ਤ ਕੀਤਾ ਜਾ ਸਕਦਾ ਹੈ। ਪ੍ਰਭਾਵ ਦੇ ਮਾਧਿਅਮ ਦੇ ਆਧਾਰ 'ਤੇ ਸੰਚਾਰ ਦੀਆਂ ਵੱਖ-ਵੱਖ ਕਿਸਮਾਂ ਹੇਠ ਲਿਖੀਆਂ ਹਨ :

1. ਜ਼ੁਬਾਨੀ (ਮੌਖਿਕ) ਸੰਚਾਰ
2. ਗੈਰ ਮੌਖਿਕ ਸੰਚਾਰ




### 1) ਮੌਖਿਕ ਸੰਚਾਰ


ਮੌਖਿਕ ਸੰਚਾਰ ਵਿੱਚ ਸੰਚਾਰ ਕਰਤਾ ਸੰਚਾਰ ਦੇ ਮਾਧਿਅਮ 'ਚ ਸ਼ਬਦਾਂ ਦੀ ਵਰਤੋਂ ਕਰਦਾ ਹੈ। ਸੰਚਾਰ ਕਰਤਾ ਉਸ ਭਾਸ਼ਾ ਦੀ ਵਰਤੋਂ ਕਰਦਾ ਹੈ ਜੋ ਮਨੁਖਾਂ ਵੱਲੋਂ ਤਿਆਰ ਕੀਤੀ, ਪ੍ਰਚਾਰੀ ਤੇ ਬੋਲੀ ਜਾਂਦੀ ਹੈ। ਪ੍ਰਭਾਵੀ ਮੌਖਿਕ ਸੰਚਾਰ ਦੋ ਪਾਸੀ ਪ੍ਰਕਿਰਿਆ ਹੈ ਜਿਸ ਦਾ ਅਰਥ ਹੈ ਬੋਲਣਾ ਅਤੇ ਸੁਣਨਾ। ਇੱਕੋ ਸਮੇਂ ਸ਼ਬਦ ਬੋਲੇ ਜਾਂਦੇ ਹਨ ਅਤੇ ਸੁਣੇ ਜਾਂਦੇ ਹਨ। ਇਸ ਤੋਂ ਅਗਾਂਹ ਮੌਖਿਕ ਸੰਚਾਰ ਨੂੰ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ।

### I) ਮੌਖਿਕ ਸੰਚਾਰ



ਮੌਖਿਕ ਅਰਥਾਤ ਜ਼ੁਬਾਨੀ ਸੰਚਾਰ ਵਿੱਚ ਸੰਦੇਸ ਬੋਲਣ ਵਾਲ਼ੇ ਦੇ ਮੂੰਹੋਂ ਸ਼ਬਦਾਂ ਦੇ ਰੂਪ ਵਿੱਚ ਨਿਕਲ਼ਦਾ ਹੈ। ਇਹ ਪ੍ਰਭਾਵ ਪਾਉਣ ਤੇ ਪੇਸ਼ ਕਰਨ ਦਾ ਬੜਾ ਸੌਖਾ ਤਰੀਕਾ ਹੈ। ਇਹ ਆਮ ਤੌਰ 'ਤੇ ਤਤਕਾਲਿਕ, ਫੌਰੀ ਤੇ ਘੱਟ ਖਰਚੀਲਾ ਤਰੀਕਾ ਹੈ। ਮੌਖਿਕ ਸੰਚਾਰ ਦੀ ਉਦਾਹਰਨ – ਮੂੰਹੋਂ ਮੂੰਹ ਸੰਚਾਰ, ਭਾਸ਼ਨ, ਮੀਟਿੰਗ, ਟੈਲੀਫ਼ੋਨ 'ਤੇ ਗੱਲਬਾਤ ਆਦਿ। ਸੈਰ-ਸਪਾਟਾ ਤੇ ਯਾਤਰਾ ਸੱਨਅਤ ਵਿੱਚ ਆਹਮੋ ਸਾਹਮਣੇ ਦਾ ਸੰਚਾਰ ਅਤੇ ਟੈਲੀਫ਼ੋਨ ਗੱਲ-ਬਾਤ ਆਮ ਤੌਰ 'ਤੇ ਪ੍ਰਚਲਤ ਹੈ।

### ii) ਲਿਖਤੀ ਸੰਚਾਰ–:




ਲਿਖਤ ਸੰਕੇਤਾਂ ਤੇ ਸ਼ਬਦਾਂ ਦੇ ਮਾਧਿਅਮ ਰਾਹੀਂ ਕੀਤਾ ਸੰਚਾਰ ਲਿਖਤੀ ਸੰਚਾਰ ਅਖਵਾਉਂਦਾ ਹੈ। ਇਸ ਲਈ ਤਿਆਰੀ ਦੀ ਲੋੜ ਹੁੰਦੀ ਹੈ ਤੇ ਲਿਖਣ ਤੋਂ ਪਹਿਲਾਂ ਸੰਚਾਰ ਨੂੰ ਤਕਨੀਕ ਪੱਖੋਂ, ਕਾਨੂੰਨ ਪੱਖੋਂ ਪ੍ਰਭਾਵੀ ਬਣਾਉਣ ਲਈ ਯੋਜਨਾ ਬਣਾਉਣੀ ਪੈਂਦੀ ਹੈ। ਸੈਰ- ਸਪਾਟਾ ਸੱਨਅਤ ਵਿੱਚ ਲਿਖਤੀ ਸੰਚਾਰ ਵੀ ਕਾਫ਼ੀ ਪ੍ਰਚਲਤ ਹੈ। ਇਹ ਸੰਚਾਰ ਕਈ ਕਿਸਮਾਂ ਦਾ ਹੁੰਦਾ ਹੈ ਜਿਵੇਂ ਕਿ ਚਿੱਠੀਆਂ ਦਫ਼ਤਰੀ ਸਰਕੂਲਰ, ਮੈਮੋਰੰਡਮ, ਫੈਕਸ ਸੰਦੇਸ, ਨਿਊਜ਼ ਲੈਹਰ, ਬਰੋਸ਼ਰ, ਬੁਲਿਟਨ, ਰਿਪੋਰਟਾਂ, ਮੈਨੂਅਲ, ਹਾਊਸ ਜਰਨਲ ਆਦਿ।

## 9. ਮੌਖਿਕ (ਜ਼ੁਬਾਨੀ ) ਸੰਚਾਰ ਦੇ ਤੱਤ

ਜਦੋਂ ਅਸੀਂ ਜ਼ੁਬਾਨੀ ਸੰਚਾਰ ਕਰਦੇ ਹਾਂ ਤਾਂ ਨਾ ਸਿਰਫ਼ ਸਾਡੇ ਬੋਲੇ ਗਏ ਸ਼ਬਦ ਹੀ ਸੁਣੇ ਜਾਂਦੇ ਹਨ ਸਗੋਂ ਭਾਸ਼ਨ ਆਦਿ ਦਾ ਵੋਕਲ ਤੱਤ ਵੀ ਮਹੱਤਵਪੂਰਨ ਰੋਲ ਅਦਾ ਕਰਦਾ ਹੈ। ਸਾਡੀ ਆਵਾਜ਼ ਦੀ ਸੁਰ, ਰਫ਼ਤਾਰ ਆਦਿ ਦੀ ਵੀ ਅਹਿਮ ਭੂਮਿਕਾ ਹੁੰਦੀ ਹੈ। ਇਹ ਸਾਰੇ ਤੱਤ ਰਲ਼ ਕੇ ਸਾਡੀ ਗੱਲਬਾਤ ਨੂੰ ਦਿਲਚਸਪ ਤੇ ਅਰਥ ਪੂਰਨ ਬਣਾਉਂਦੇ ਹਨ। ਮਿਸਾਲ ਦੇ ਤੌਰ 'ਤੇ :

ਇੱਕ ਸਤਰ, "ਤੁਹਾਨੂੰ ਬਾਅਦ ਵਿੱਚ ਮਿਲਾਂਗਾ" ਜੇ ਸਤਿਕਾਰ ਪੂਰਨ ਢੰਗ ਨਾਲ਼ ਕਹੀ ਜਾਵੇ ਤਾਂ ਇਸ ਦਾ ਵੱਖਰਾ ਅਰਥ ਹੋਵੇਗਾ ਅਤੇ ਜੇ ਇਹੋ ਸਤਰ ਗੁੱਸੇ ਵਿੱਚ ਆਖੀ ਜਾਵੇ ਤਾਂ ਇਸ ਦਾ ਬਿਲਕੁਲ ਉਲਟ ਅਰਥ ਹੋਵੇਗਾ। ਸਾਨੂੰ, ਜ਼ੁਬਾਨੀ ਸੰਚਾਰ ਨੂੰ ਹੋਰ ਪ੍ਰਭਾਵੀ ਬਣਾਉਣ ਲਈ ਹੇਠ ਲਿਖੇ ਤੱਤਾਂ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ:




1. **ਆਪਣੀ ਆਵਾਜ਼ ਦੀ ਰ਼ਫਤਾਰ ਨੂੰ ਬਦਲੋ :** ਆਵਾਜ਼ ਦੀ ਇਕਸਾਰ ਚਾਲ ਸਾਡੀ ਗੱਲ-ਬਾਤ ਜਾਂ ਭਾਸ਼ਨ ਨੂੰ ਰੁੱਖਾ ਬਣਾ ਦੇਵੇਗੀ ਤੇ ਇਸ ਤਰ੍ਹਾਂ ਦੀ ਗੱਲ-ਬਾਤ ਪ੍ਰਭਾਵੀ ਵੀ ਨਹੀ ਹੋਵੇਗੀ? ਇਸ ਲਈ ਸਾਨੂੰ ਆਪਣੇ ਭਾਸ਼ਨ ਦੌਰਾਨ ਆਵਾਜ਼ ਦੀ ਗਤੀ ਤੇ ਸੁਰ ਬਦਲਦੇ ਰਹਿਣਾ ਚਾਹੀਦਾ ਹੈ ਤੇ ਇਸ ਦੌਰਾਨ ਸਰੋਤਿਆਂ ਅਤੇ ਭਾਸ਼ਨ ਦੇ ਮੰਤਵ ਦਾ ਪੂਰਾ ਧਿਆਨ ਰੱਖਣਾ ਚਾਹੀਦਾ ਹੈ। ਜਦੋਂ ਤੁਸੀਂ ਸਰੋਤਿਆਂ ਦਾ ਧਿਆਨ ਆਪਣੇ ਵੱਲ ਖਿੱਚਣਾ ਹੋਵੇ ਜਾਂ ਓਹੁਨ੍ਹਾਂ ਨੂੰ ਉਤੇਜਤ ਕਰਨਾ ਹੋਵੇ ਤਾਂ ਤੇਜ਼ ਗਤੀ 'ਚ ਅਤੇ ਜੋਸ਼ ਨਾਲ਼ ਬੋਲੋ। ਜਦੋਂ ਤੁਸੀਂ ਸਰੋਤੇ ਦਾ ਧਿਆਨ ਆਪਣੇ ਵੱਲ ਖਿੱਚਣਾ ਚਾਹੋ ਤਾਂ ਸ਼ਬਦ ਹੌਲੀ-ਹੌਲੀ ਉਚਾਰੋ।
2. **ਆਪਣੀ ਅਵਾਜ਼ ਦੀ ਸੁਰ ਵੀ ਬਦਲਦੇ ਰਹੋ :** ਭਾਸ਼ਨ ਦੀ ਲਗਾਤਾਰਤਾ ਨੂੰ ਭਾਸ਼ਨ ਦੀ ਪਿਚ ਕਹਿੰਦੇ ਹਨ। ਇਹ ਵੀ ਭਾਸ਼ਨ ਦੇ ਮੰਤਵ ਤੇ ਨਿਰਭਰ ਕਰਦੀ ਹੈ। ਤੁਸੀਂ ਉੱਚੀ ਪਿਚ (ਸੁਰ) ਵਰਤ ਸਕਦੇ ਹੋ। ਕਈ ਵਾਰ ਅਤਿ ਉੱਚੀ ਸੁਰ ਤੁਹਾਡੇ ਜ਼ੁਬਾਨੀ ਸੰਚਾਰ ਦਾ ਸਤਿਆਨਾਸ ਕਰ ਸਕਦੀ ਹੈ।

3. **ਆਪਣੀ ਆਵਾਜ਼ ਦੇ ਵਾਲਿਊਮ 'ਤੇ ਕਾਬੂ ਰੱਖੋ :** ਆਵਾਜ਼ ਦਾ ਵਾਲਿਊਮ ਸਰੋਤਿਆਂ 'ਤੇ ਸਿੱਧਾ ਪ੍ਰਭਾਵ ਪਾਉਂਦਾ ਹੈ। ਇਸ ਲਈ ਸਾਨੂੰ ਭਾਸ਼ਨ ਦੌਰਾਨ ਆਵਾਜ਼ ਦਾ ਵਾਲਿਊਮ ਦਰਮਿਆਨਾ ਰੱਖਣਾ ਚਾਹੀਦਾ ਹੈ। ਦੂਸ ਇਹ ਵੀ ਸਾਡੇ ਭਾਸ਼ਨ ਦੇ ਮੰਤਵ 'ਤੇ ਨਿਰਭਰ ਕਰਦਾ ਹੈ ਕਿ ਭਾਸ਼ਨ ਦੇ ਮੰਤਵ ਅਨੁਸਾਰ ਤੁਸੀਂ ਉੱਚਾ ਜਾਂ ਨੀਵਾਂ ਵਾਲਿਊਮ ਵੀ ਰੱਖ ਸਕਦੇ ਹੋ। ਜਦੋਂ ਤੁਸੀਂ ਉੱਚੇ ਤੇ ਨੀਵੇਂ ਵਾਲਿਊਮ ਦਾ ਸੰਤੁਲਨ ਬਣਾ ਕੇ ਰੱਖੋਗੇ ਤਾਂ ਤੁਹਾਡਾ ਸੰਚਾਰ ਬਹੁਤ ਪ੍ਰਭਾਵੀ ਹੋਵੇਗਾ।
4. **ਵਿਰਾਮ ਚਿੰਨ੍ਹ ਪ੍ਰਗਟ ਕਰਨ ਲਈ ਰੁਕਣਾ :** ਇਹ ਵੀ ਮਹੱਤਵਪੂਰਨ ਹੈ ਕਿ ਵਿਰਾਮ ਚਿੰਨ੍ਹ ਪ੍ਰਗਟ ਕਰਨ ਲਈ ਭਾਸ਼ਨ ਕਰਨ ਦੌਰਾਨ ਵਿੱਚ ਰੁਕਦੇ ਰਹੋ ਤਾਂ ਕਿ ਸਰੋਤੇ, ਜੋ ਕੁਝ ਉਨ੍ਹਾਂ ਨੇ ਸੁਣਿਆ ਹੈ, ਉਸ ਨੂੰ ਚੰਗੀ ਤਰ੍ਹਾਂ ਸਮਝ ਲੈਣ। ਵਿਸ਼ੇਸ਼ ਤੌਰ 'ਤੇ ਜਦੋਂ ਤੁਸੀਂ ਕੋਈ ਵਿਸ਼ੇਸ਼ ਨੁਕਤਾ ਦੱਸ ਰਹੇ ਹੋਵੋ ਤੇ ਇਹ ਚਾਹੋ ਕਿ ਸਰੋਤੇ ਇਸ ਨੁਕਤੇ ਨੂੰ ਠੀਕ ਤਰ੍ਹਾਂ ਸਮਝ ਲੈਣ, ਉਦੋਂ ਜ਼ਰੂਰ ਥੋੜ੍ਹਾ ਕੁ ਰੁਕੋ।
5. **ਸਪਸ਼ਟ ਉਚਾਰਨ ਕਰੋ :** ਇਹ ਵੀ ਮਹੱਤਵਪੂਰਨ ਹੈ ਕਿ ਭਾਸ਼ਨ ਵਿੱਚ ਤੁਹਾਡਾ ਉਚਾਰਨ ਸਪਸ਼ਟ ਹੋਵੇ। ਇਸ ਲਈ ਤੁਹਾਡੀ ਠੀਕ ਉਚਾਰਨ ਵਿੱਚ ਮੁਹਾਰਤ ਹੋਣੀ ਚਾਹੀਦੀ ਹੈ। ਹਰੇਕ ਸ਼ਬਦ ਸਹੀ ਤਰੀਕੇ ਨਾਲ਼ ਉਚਾਰੋ। ਇਸ ਤਰ੍ਹਾਂ ਕਰਨ ਨਾਲ਼ ਤੁਹਾਡੇ ਵਿੱਚ ਵਿਸ਼ਵਾਸ਼ ਵੀ ਵਧੇਗਾ ਤੇ ਸੰਚਾਰ ਵੀ ਠੀਕ ਹੋਵੇਗਾ।


## 10. ਗੈਰ ਮੌਖਿਕ ਸੰਚਾਰ




ਹੁਣ ਤੱਕ ਅਸੀਂ ਮੌਖਿਕ ਸੰਚਾਰ ਦੀ ਪ੍ਰਭਾਵਿਕਤਾ ਬਾਰੇ ਪੜ੍ਹਿਆ ਹੈ। ਤੁਸੀਂ ਇਹ ਜਾਣ ਕੇ ਹੈਰਾਨ ਹੋਵੇਗੇ ਕਿ ਤੁਹਾਡੀ ਗੱਲ-ਬਾਤ ਦੇ ਪਹਿਲੇ ਚਾਰ ਮਿੰਟ ਸੁਣਨ ਵਾਲ਼ੇ 'ਤੇ

ਤੁਹਾਡਾ ਪਹਿਲਾ ਪ੍ਰਭਾਵ ਬਣਾ ਦਿੰਦੇ ਹਨ ਅਤੇ ਇਹ ਵੀ ਸੰਭਵ ਹੈ ਕਿ ਇਹਨ੍ਹਾਂ ਪਹਿਲੇ ਚਾਰ ਮਿੰਟਾਂ ਵਿਚ ਅਸੀਂ ਇੱਕ ਵੀ ਸ਼ਬਦ ਨਾ ਉਚਾਰਿਆ ਹੋਵੇ।

ਪ੍ਰੋ: ਐਲਬਾਰਟ ਮੇਹਾਰਾਬੀਅਨ ਅਨੁਸਾਰ ਸਰੀਰਿਕ ਹਾਵ-ਭਾਵ (ਬਡੀ ਲੈਂਗੁਏਜ) ਕਿਸੇ 'ਤੇ ਆਪਣਾ ਪਹਿਲਾ ਪ੍ਰਭਾਵ ਬਣਾਉਣ 'ਚ 55% ਹਿੱਸਾ ਪਾਉਂਦੇ ਹਨ ਅਤੇ 38% ਹਿੱਸਾ ਆਵਾਜ਼ ਦੀ ਟੋਨ ਦਾ ਹੁੰਦਾ ਹੈ ਤੇ ਸਿਰਫ਼ 7% ਹਿੱਸਾ ਹੀ ਆਖੇ ਗਏ ਸ਼ਬਦਾਂ ਦਾ ਹੁੰਦਾ ਹੈ। ਇਸ ਲਈ ਸਾਨੂੰ ਸੰਚਾਰ ਦੇ ਉਸ ਪੱਖੋ ਜੋ ਮੌਖਿਕ ਨਹੀਂ ਸਗੋਂ ਗੈਰ ਮੌਖਿਕ ਹੁੰਦਾ ਹੈ, ਬਾਰੇ ਸਮਝਣਾ ਅਤਿ ਜ਼ਰੂਰੀ ਹੈ।




ਗੈਰ ਮੌਖਿਕ ਸੰਚਾਰ ਉਹ ਹੁੰਦਾ ਹੈ ਜਿਸ ਵਿੱਚ ਇੱਕ ਵੀ ਸ਼ਬਦ ਬੋਲੇ ਬਿਨਾਂ ਕਿਸੇ ਨਾਲ਼ ਕੋਈ ਜਾਣਕਾਰੀ ਸਾਂਝੀ ਕੀਤੀ ਜਾਂਦੀ ਹੈ। ਪਰ ਜੇ ਅਸੀਂ ਸ਼ਬਦ ਨਹੀਂ ਬੋਲਾਂਗੇ ਤਾਂ ਜਾਣਕਾਰੀ ਕਿਸ ਤਰ੍ਹਾਂ ਸਾਂਝੀ ਕਰਾਂਗੇ? ਇਹ ਸਾਨੂੰ ਫਿਰ ਸਮਝ ਪਵੇਗਾ ਜੇ ਅਸੀਂ ਗੈਰ ਮੌਖਿਕ ਸੰਚਾਰ ਦੀਆਂ ਵੱਖ-ਵੱਖ ਕਿਸਮਾਂ ਬਾਰੇ ਜਾਣ ਲਵਾਂਗੇ। ਇਸ ਨੂੰ ਸੰਕੇਤਕ ਭਾਸ਼ਾ ਵੀ ਕਿਹਾ ਜਾਂਦਾ ਹੈ। ਮਿਸਾਲ ਦੇ ਤੌਰ 'ਤੇ ਇੱਕ ਪਾਸੇ ਤੋਂ ਦੂਜੇ ਪਾਸੇ ਵੱਲ ਸਿਰ ਨੂੰ ਹਿਲਾਉਣ ਦਾ ਅਰਥ 'ਨਹੀਂ' ਹੁੰਦਾ ਹੈ ਅਤੇ ਉਪਰੋਂ ਹੇਠਾਂ ਵੱਲ ਸਿਰ ਹਿਲਾਉਣ ਦਾ ਅਰਥ 'ਹਾਂ' ਹੁੰਦਾ ਹੈ।

ਗ਼ੈਰਮੌਖਿਕ ਸੰਕੇਤ ਇਸ ਲਈ ਮਹੱਤਵਪੂਰਨ ਹੁੰਦੇ ਹਨ ਕਿ ਇਹ ਸਾਡੇ ਮੌਖਿਕ ਸੰਦੇਸ ਵਿੱਚ ਅਰਥਾਂ ਨੂੰ ਵੀ ਵਧਾਉਂਦੇ ਹਨ।

1. **ਗ਼ੈਰਮੌਖਿਕ ਸੰਕੇਤ ਸ਼ਕਤੀਸ਼ਾਲੀ ਹੁੰਦੇ ਹਨ :** ਗ਼ੈਰਮੌਖਿਕ ਸੰਕੇਤ ਸਾਡੇ ਅੰਦਰੂਨੀ ਭਾਵ ਨੂੰ ਪ੍ਰਗਟ ਕਰਦੇ ਹਨ / ਮੌਖਿਕ ਸੰਦੇਸ ਮੂਲ ਰੂਪ ਵਿੱਚ ਬਾਹਰੀ ਜਗਤ ਨਾਲ ਸੰਬੰਧਿਤ ਹੁੰਦੇ ਹਨ।
2. **ਸ਼ਬਦਾਂ ਦੀ ਸਮਰੱਥਾ ਸੀਮਤ ਹੁੰਦੀ ਹੈ :** ਕਈ ਖੇਤਰ ਅਜਿਹੇ ਹੁੰਦੇ ਹਨ ਕਿ ਜਿੱਥੇ ਗ਼ੈਰਮੌਖਿਕ ਸੰਚਾਰ ਮੌਖਿਕ ਤੋਂ ਵੱਧ ਪ੍ਰਭਾਵੀ ਹੁੰਦਾ ਹੈ।
3. **ਗ਼ੈਰਮੌਖਿਕ ਸੰਦੇਸ ਵੱਧ ਸਾਰਥਕ ਹੁੰਦੇ ਹਨ :** ਕਿਉਂਕਿ ਗ਼ੈਰਮੌਖਿਕ ਵਰਤਾਓ ਬੋਲੇ ਗਏ ਸ਼ਬਦਾਂ ਦੇ ਮੁਕਾਬਲੇ ਸੌਖੀ ਤਰ੍ਹਾਂ ਕਾਬੂ ਨਹੀਂ ਕੀਤੇ ਜਾ ਸਕਦੇ।
4. ਜਦੋਂ ਮੌਖਿਕ 'ਤੇ ਗ਼ੈਰਮੌਖਿਕ ਸੰਚਾਰ ਅਸੰਗਤ ਹੋਣ ਤਾਂ ਲੋਕ ਮੌਖਿਕ ਦੇ ਮੁਕਾਬਲੇ ਗ਼ੈਰਮੌਖਿਕ ਸੰਦੇਸ ਵਿੱਚ ਵਧੇਰੇ ਵਿਸ਼ਵਾਸ਼ ਕਰਦੇ ਹਨ।

ਗ਼ੈਰਮੌਖਿਕ ਸੰਚਾਰ ਵਿੱਚ ਸੰਚਾਰ ਦੇ ਵਿਸ਼ੇ ਪ੍ਰਤੀ ਸਾਡੀ ਪਹੁੰਚ ਬਦਲ ਦਿੱਤੀ ਹੈ। ਅਸੀਂ ਹਰ ਵੇਲ਼ੇ ਗ਼ੈਰਮੌਖਿਕ ਤਰੀਕੇ ਨਾਲ਼ ਆਪਣੇ ਰਉਂ ਜ਼ਰੀਏ, ਭਾਵਨਾਵਾਂ ਜ਼ਰੀਏ, ਸੰਕੇਤ ਤੇ ਇਸ਼ਾਰਿਆਂ ਜ਼ਰੀਏ ਆਪਣੇ ਪ੍ਰਭਾਵ ਪ੍ਰਗਟਉਂਦੇ ਰਹਿੰਦੇ ਹਾਂ।

## 11 ਗ਼ੈਰਮੌਖਿਕ ਸੰਚਾਰ ਦੀਆਂ ਕਿਸਮਾਂ :

ਗ਼ੈਰਮੌਖਿਕ ਸੰਚਾਰ ਦੀਆਂ ਵੱਖ-ਵੱਖ ਕਿਸਮਾਂ ਹਨ :

1. ਸਰੀਰਿਕ ਹਾਵ ਭਾਵ (ਬਾਡੀ ਲੈਂਗੁਏਜ਼)
2. ਦੂਰੀ ਦੀ ਭਾਸ਼ਾ
3. ਸਮੇਂ ਦੀ ਭਾਸ਼ਾ

**ਸਰੀਰਿਕ ਹਾਵ - ਭਾਵ :** ਜਿਵੇਂ ਨਾਂ ਤੋਂ ਹੀ ਸਪਸ਼ਟ ਹੈ, ਇਹ ਸਾਡੇ ਸਰੀਰ ਦੇ ਅੰਗਾਂ ਨਾਲ਼ ਪੈਦਾ ਕੀਤੇ ਸੰਕੇਤ ਜਾਂ ਇਸ਼ਾਰੇ ਹੁੰਦੇ ਹਨ ਜਿਵੇਂ ਕਿ ਅੱਖਾਂ, ਸਿਰ, ਹੱਥ, ਲੱਤਾਂ, ਬੈਠਣ ਅਤੇ ਤੁਰਨ ਦੇ ਢੰਗ ਨਾਲ਼ ਪੈਦਾ ਕੀਤੇ ਸੰਕੇਤ। ਇਸ ਨੂੰ ਹਾਵਾਂ ਭਾਵਾਂ ਜ਼ਰੀਏ ਕੀਤਾ ਗਿਆ ਸੰਚਾਰ ਵੀ ਕਹਿੰਦੇ ਹਨ।




ਇਹ ਸੰਕੇਤ ਜਾਂ ਇਸ਼ਾਰੇ ਸਾਡੇ ਮਨ ਵਿੱਚ ਪੈਦਾ ਹੋਏ ਵਿਚਾਰਾਂ ‘ਤੇ ਨਿਰਭਰ ਕਰਦੇ ਹੁੰਦੇ ਹਨ। ਸਰੀਰਿਕ ਹਰਕਤ ਨਾਲ ਅਸੀਂ ਆਪਣੇ ਭਾਵਾਂ ਦਾ ਸੰਚਾਰ ਕਰਦੇ ਹਾਂ। ਮਿਸਾਲ ਵਜੋਂ ਜੇ ਤੁਹਾਡੀ ਮਾਤਾ ਕਿਸੇ ਗੱਲ ਕਾਰਨ ਤੁਹਾਡੇ ਨਾਲ਼ ਗੁੱਸੇ ਹੋ ਜਾਵੇ ਤਾਂ ਉਹ ਇੱਕ ਵੀ ਸ਼ਬਦ ਬੋਲੇ ਬਿਨਾਂ ਤੁਹਾਨੂੰ ਆਪਣੇ ਗੁੱਸੇ ਦਾ ਸੰਕੇਤ ਦੇ ਦੇਵੇਗੀ।

ਜਿੰਨਾਂ ਚਿਰ ਕੋਈ ਛਲ-ਕਪਟ ਅਤੇ ਕੋਈ ਗੱਲ ਛੁਪਾਉਣ ਦੀ ਕਲਾ ਦਾ ਮਾਹਰ ਨਾ ਹੋਵੇ, ਇਹ ਸੰਕੇਤ ਕਿਸੇ ਨੂੰ ਗੁੰਮਰਾਹ ਨਹੀ ਕਰ ਸਕਦੇ ਹੁੰਦੇ।ਉਂਜ ਵੀ ਇਹ ਮਨੁਖ ਵੱਲੋਂ ਤਿਆਰ ਕੀਤੀ ਭਾਸ਼ਾ ਹੁੰਦੀ ਹੈ।ਅਸੀਂ ਇਸ ਦਾ ਅਧਿਐਨ ਕਰ ਸਕਦੇ ਹਾਂ, ਇਸ ਨੂੰ ਵਿਸਤਾਰ ਦੇ ਸਕਦੇ ਹਾਂ ਪਰ ਉਸ ਕੰਮ ਵਿੱਚ ਵੀ ਸਾਨੂੰ ਕਈ ਵਰ੍ਹੇ ਲੱਗ ਸਕਦੇ ਹਨ।

ਸਰੀਰਿਕ ਹਾਵ - ਭਾਵਾਂ ਦੀਆਂ ਕੁਝ ਕਿਸਮਾਂ ਹੇਠਾਂ ਲਿਖੀਆਂ ਗਈਆਂ ਹਨ :

ਸਰੀਰਕ ਹਾਵ ਭਾਵ

- ਨਿਜੀ ਦਿੱਖ
- ਪੋਸਚਰ
- ਹਾਵ ਭਾਵ ਤੇ ਹੱਥਾਂ ਦੀ ਹਰਕਤ
- ਅੱਖਾਂ ਮਿਲਾਉਣਾ
- ਚਿਹਰੇ ਦਾ ਹਾਵ ਭਾਵ



Make a habit to dress well

## 1. ਨਿੱਜੀ ਦਿੱਖ :

ਇਸ ਦਾ ਅਰਥ ਹੈ ਕਿ ਅਸੀਂ ਕੱਪੜੇ ਕਿਹੋ ਜਿਹੇ ਪਾਉਂਦੇ ਹਾਂ 'ਤੇ ਆਪਣੀ ਸੱਜ ਸਜਾਵਟ ਕਿਵੇਂ ਕਰਦੇ ਹਾਂ । ਸੱਜ-ਸਜਾਵਟ ਲਈ ਕਿਹੋ ਜਿਹੇ ਔਜ਼ਾਰ ਵਰਤਦੇ ਹਾਂ। ਇਸ ਨਾਲ਼ ਸਾਨੂੰ ਦੂਜਿਆਂ ਤੇ ਪ੍ਰਭਾਵ ਪਾਉਣ ਵਿੱਚ ਮਦਦ ਮਿਲ਼ਦੀ ਹੈ। ਸਾਡਾ ਪਹਿਲਾ ਪ੍ਰਭਾਵ ਦੂਸਰੇ ਦੇ ਮਨ ਵਿੱਚ ਸਾਡੇ ਬਾਰੇ ਪ੍ਰਭਾਵ ਪੈਦਾ ਕਰ ਦਿੰਦਾ ਹੈ ਇਸ ਲਈ ਇਹ ਜ਼ਰੂਰੀ ਹੈ ਅਸੀਂ ਆਪਣੀ ਨਿੱਜੀ ਦਿੱਖ ਵੱਲ ਧਿਆਨ ਦੇਈਏ। ਕਿਸੇ ਦੇ ਰੁਤਬੇ, ਸ਼ਖ਼ਸੀਅਤ, ਵਿਸ਼ਵਾਸ ਅਤੇ ਯੋਗਤਾ ਉਸ ਦੀ ਦਿੱਖ ਨਾਲ਼ ਹੀ ਬਣਦੀ ਹੈ। ਇਸ ਲਈ ਨਿੱਜੀ ਦਿੱਖ ਵੱਲ ਪੂਰਾ ਧਿਆਨ ਦੇਈਏ।ਆਪਣੇ ਪਹਿਰਾਵੇ ਵੱਲ ਧਿਆਨ ਦੇਈਏ ਅਤੇ ਸੱਜ - ਸਜਾਵਟ ਦਾ ਪੂਰਾ ਖਿਆਲ ਰੱਖੀਏ, ਇਸ ਤਰ੍ਹਾਂ ਕਰਨ ਨਾਲ਼ ਹੀ ਅਸੀਂ ਦੂਜਿਆਂ 'ਤੇ ਆਪਣਾ ਚੰਗਾ ਪ੍ਰਭਾਵ ਪਾ ਸਕਾਂਗੇ।

## 2. ਬੈਠਣ / ਉਠੱਣ ਦੀ ਮੁਦਰਾ (ਪੋਸਚਰ):-

ਪੋਸਚਰ ਦਾ ਅਰਥ ਹੈ ਅਸੀਂ ਕਿਵੇਂ ਉਠੱਦੇ / ਬੈਠਦੇ ਹਾਂ, ਕਿਵੇਂ ਖੜ੍ਹੋਂਦੇ ਹਾਂ। ਵਿਦਿਆਰਥੀਆਂ ਨੂੰ ਆਪਣੇ ਉਠੱਣ / ਬੈਠਣ, ਤੁਰਨ ਦੀ ਮੁਦਰਾ ਸ਼ੋਭਨੀਕ ਬਣਾਉਣੀ ਤੇ ਕਾਇਮ ਰੱਖਣੀ ਚਾਹੀਦੀ ਹੈ ਕਿਉਂਕਿ ਇਹ ਓਹੁਨ੍ਹਾਂ ਦੀ ਸ਼ਖ਼ਸ਼ੀਅਤ ਬਾਰੇ ਦੂਜੇ ਲੋਕਾਂ 'ਚ ਚੰਗਾ ਪ੍ਰਭਾਵ ਪੈਦਾ ਕਰਦੀ ਹੈ ।ਮਿਸਾਲ ਦੇ ਤੌਰ 'ਤੇ ਜੇ ਅਸੀਂ ਕੁਰਸੀ ਵਿੱਚ ਭੱਦੇ ਜਿਹੇ ਢੰਗ ਨਾਲ਼ ਬੈਠੇ ਹੋਵਾਂਗੇ ਤਾਂ ਇਸ ਦਾ ਅਰਥ ਇਹੋ ਹੋਵੇਗਾ ਕਿ ਅਸੀਂ ਕਿਸੇ ਵੱਲ ਬਹੁਤਾ ਧਿਆਨ ਨਹੀਂ ਦੇ ਰਹੇ ਤੇ ਉਸ ਵਿੱਚ ਦਿਲਚਸਪੀ ਨਹੀਂ ਲੈ ਰਹੇ।



## 3. ਹੱਥਾਂ 'ਤੇ ਬਾਹਾਂ ਦੇ ਹਾਵ-ਭਾਵ




ਹੱਥਾਂ ਬਾਹਾਂ ਦੀਆਂ ਹਰਕਤਾਂ ਨਾਲ਼ ਵੀ ਅਸੀਂ ਆਪਣੇ ਭਾਵਾਂ ਦਾ ਪ੍ਰਗਟਾਵਾ ਕਰ ਸਕਦੇ ਹਾਂ। ਚੇਤੰਨ ਜਾਂ ਅਚੇਤਨ ਤੌਰ 'ਤੇ ਹੱਥਾਂ ਤੇ ਬਾਹਾਂ ਦੀਆਂ ਹਰਕਤਾਂ ਸਾਡੇ ਮਨ ਦੇ ਅੰਦਰੂਨੀ ਭਾਵ

## 4. ਅੱਖਾਂ ਮਿਲਾਉਣਾ:-

ਕਿਸੇ ਨਾਲ਼ ਅੱਖਾਂ ਮਿਲ਼ਾ ਕੇ ਵੀ ਕਈ ਭਾਵ ਪ੍ਰਗਟਾਵੇ ਜਾਂਦੇ ਹਨ। ਇਹ ਸੰਕੇਤ ਕਦੇ ਵੀ ਗੁੰਮਰਾਹਕੁਨ ਨਹੀਂ ਹੁੰਦਾ। ਕਿਉਂਕਿ ਆਮ ਵਿਸ਼ਵਾਸ ਹੈ ਕਿ ਅੱਖਾਂ ਕਦੀ ਵੀ ਝੂਠ ਨਹੀਂ ਬੋਲਦੀਆਂ, ਕਿਸੇ ਨਾਲ਼ ਅੱਖਾਂ ਮਿਲ਼ਾ ਕੇ ਅਸੀਂ ਸੰਕੇਤ ਦੇ ਸਕਦੇ ਹਾਂ ਕਿ ਸਾਨੂੰ ਦੂਜੇ ਵਿੱਚ ਦਿਲਚਸਪੀ ਹੈ ਜਾਂ ਅਸੀਂ ਉਸ ਨੂੰ ਮਿਲ਼ ਕੇ ਖੁਸ਼ ਨਹੀਂ ਸਗੋਂ ਬੋਰ ਹੋ ਰਹੇ ਹਾਂ। ਮਿਸਾਲ ਵਜੋਂ ਟਰੈਵਲ ਸਲਾਹਕਾਰ ਨੂੰ ਗਾਹਕ ਦੀਆਂ ਅੱਖਾਂ ਵਿੱਚ ਸਿੱਧਾ ਵੇਖਣਾ ਚਾਹੀਦਾ ਹੈ, ਖ਼ੁਸ਼ੀ ਤੇ ਮਿਲ਼ਨਸਾਰਤਾ ਨਾਲ਼ ਤਾਂ ਕਿ ਗਾਹਕ ਦੇ ਮਨ 'ਤੇ ਤੁਹਾਡਾ ਇਹ ਪ੍ਰਭਾਵ ਪਵੇ ਕਿ ਤੁਸੀਂ ਉਸ ਵਿੱਚ ਦਿਲਚਸਪੀ ਲੈ ਰਹੇ ਹੋ।




## 5) ਚਿਹਰੇ ਦੇ ਹਾਵ-ਭਾਵ :

ਠੀਕ ਹੀ ਕਿਹਾ ਜਾਂਦਾ ਹੈ ਕਿ ਚਿਹਰਾ ਹੀ ਸਾਡੇ ਮਨ ਦੀ ਪਛਾਣ ਕਰਾ ਦੇਂਦਾ ਹੈ। ਚਿਹਰੇ ਦੇ ਹਾਵ-ਭਾਵ ਹਨ ਮੁਸਕਰਾਹਟ, ਤਿਊੜੀ ਪਾਉਣਾ, ਭਰਵੱਟੇ ਚੜ੍ਹਾਉਣਾ ਤੇ ਉਪਹਾਸ ਉਡਾਉਣਾ ਆਦਿ। ਚਿਹਰੇ ਦੇ ਹਾਵ-ਭਾਵ ਬੇਹੱਦ ਕੁਦਰਤੀ ਤੇ ਅਚੇਤਨ ਹੁੰਦੇ ਹਨ। ਇਹ ਸਾਡੇ ਮਨ ਦੇ ਭਾਵ ਪ੍ਰਗਟ ਕਰ ਦਿੰਦੇ ਹਨ। ਇਹ ਹਾਵ-ਭਾਵ ਸਾਡੀ ਗੱਲਬਾਤ ਦੇ ਦੌਰਾਨ ਬਦਲਦੇ ਰਹਿੰਦੇ ਹਨ ਅਤੇ ਸਰੋਤਾ ਇਹਨਾਂ ਨੂੰ ਲਗਾਤਾਰ ਵੇਖਦਾ ਤੇ ਮਹਿਸੂਸ ਕਰਦਾ ਰਹਿੰਦਾ ਹੈ। ਮੁਸਕਰਾਹਟ ਇਹ ਸੰਕੇਤ ਦਿੰਦੀ

ਹੈ ਕਿ ਤੁਸੀਂ ਦੂਸਰੇ ਦੀ ਮਦਦ ਲਈ ਤਿਆਰ ਹੋ। ਤਿਊੜੀ ਦਾ ਅਰਥ ਹੁੰਦਾ ਹੈ ਕਿ ਤੁਸੀਂ ਖ਼ੁਸ਼ ਨਹੀਂ ਹੋ, ਕਈ ਵਾਰ ਇਹ ਗੁੱਸੇ ਦਾ ਸੰਕੇਤ ਵੀ ਹੁੰਦੀ ਹੈ।

## ਦੂਰੀ ਦੀ ਭਾਸ਼ਾ



ਸਰੋਤੇ ਤੋਂ ਸੰਚਾਰ-ਕਰਤਾ ਹੀ ਕਿੰਨੀ ਕੁ ਦੂਰੀ ਹੋਵੇ ਇਹ ਵੀ ਬਹੁਤ ਮਹੱਤਵਪੂਰਨ ਹੈ। ਦੋਂ ਵਿਅਕਤੀਆਂ ਵਿੱਚ ਸਰੀਰਿਕ ਦੂਰੀ ਕਿੰਨੀ ਕੁ ਹੋਵੇ ਕਿ ਠੀਕ ਸੰਚਾਰ ਹੋ ਸਕੇ। ਦੋ ਵਿਅਕਤੀਆਂ ਵਿੱਚ ਸਰੀਰਿਕ ਦੂਰੀ ਇਸ ਗੱਲ 'ਤੇ ਵੀ ਨਿਰਭਰ ਕਰਦੀ ਹੈ ਕਿ ਉਹਨ੍ਹਾਂ ਦਾ ਆਪੋ ਵਿੱਚ ਕੀ ਰਿਸ਼ਤਾ / ਸੰਬੰਧ ਹੈ। ਭਾਵੇਂ ਇਹ ਸੰਬੰਧ ਨਿੱਜੀ ਹੋਵੇ ਭਾਵੇਂ ਸਮਾਜਕ ਹੋਵੇ।



1. **ਨਿਕਟਤਾ ਦਾ ਜ਼ੋਨ :** ਪਤੀ - ਪਤਨੀ, ਬੱਚਿਆਂ, ਮਾਪਿਆਂ ਅਤੇ ਹੋਰ ਨਿਕਟਤਮ ਸੰਬੰਧੀਆਂ ਤੇ ਮਿੱਤਰਾਂ ਵਿਚਲੀ ਦੂਰੀ 15 - 46 ਸੈਂਟੀਮੀਟਰ ਨਿਸਚਿਤ ਕੀਤੀ ਗਈ ਹੈ।



2. **ਨਿੱਜੀ ਜ਼ੋਨ :** ਵਪਾਰਿਕ ਇੱਕਠਾਂ, ਸਮਾਜਕ ਸਮਾਰੋਹਾਂ ਵਿੱਚ ਇਹ 1.2 ਤੋਂ 3.6 ਮੀਟਰ ਤੱਕ ਦੀ ਦੂਰੀ ਹੋਣੀ ਚਾਹੀਦੀ ਹੈ।



3. **ਸਮਾਜਕ ਜ਼ੋਨ :** ਅਜਨਬੀਆਂ ਜਾਂ ਕਦੇ ਕਦੇ ਮਿਲ਼ਨ ਵਾਲ਼ਿਆਂ ਵਿੱਚ ਦੂਰੀ 3.6 ਮੀਟਰ ਤੋਂ ਵੱਧ ਵੀ ਹੋ ਸਕਦੀ ਹੈ।

**4. ਪਬਲਿਕ ਜ਼ੋਨ :** ਬੁਲਾਰੇ ਅਤੇ ਸਰੋਤਿਆਂ ਵਿਚਲੀ ਦੂਰੀ 15 ਤੋਂ 46 ਸੈਂਟੀਮੀਟਰ ਹੋਣੀ ਚਾਹੀਦੀ ਹੈ।

ਦੂਰੀ ਦੀ ਭਾਸ਼ਾ ਤੋਂ ਸਾਨੂੰ ਪਤਾ ਲੱਗਦਾ ਹੈ ਕਿ ਪਹਿਲਾਂ ਇਹ ਪਛਾਣ ਕਰੋ ਕਿ ਸਾਡੇ ਤੇ ਵਿਅਕਤੀ ਵਿੱਚ ਸੰਬੰਧ ਕਿਹੋ ਜਿਹਾ ਹੈ । ਇਸ ਆਧਾਰ ਤੇ ਹੀ ਦੂਰੀ ਬਾਰੇ ਫੈਸਲਾ ਕਰੋ। ਮਿਸਾਲ ਦੇ ਤੌਰ 'ਤੇ ਜਦੋਂ ਤੁਸੀਂ ਆਪਣੇ ਗਾਹਕ ਨਾਲ਼ ਗੱਲ ਕਰ ਰਹੇ ਹੋਵੋ ਤਾਂ ਤੁਸੀਂ ਇਹ ਖ਼ਿਆਲ ਰੱਖੋ ਕਿ ਤੁਸੀਂ ਪਬਲਿਕ ਜ਼ੋਨ ਵਿੱਚ ਵਿਚਾਰ ਰਹੇ ਹੋ ਅਜਿਹੇ ਸਮੇਂ ਤੁਸੀਂ ਨਿਕਟਤਾ ਦੇ (ਇੰਟੀਮੇਟ) ਜ਼ੋਨ ਵਿਚ ਦਾਖ਼ਲ ਨਾ ਹੋਵੋ।

## ਸਮੇਂ ਦੀ ਭਾਸ਼ਾ

ਸਮੇਂ ਦੀ ਭਾਸ਼ਾ ਅਰਥਾਤ ਕਰੋਨੀਮਿਕਸ ਉਹ ਅਧਿਐਨ ਹੈ ਜਿਸ ਵਿੱਚ ਗ਼ੈਰ ਮੌਖਿਕ ਸੰਚਾਰ ਲਈ ਸਮੇਂ ਦੀ ਵਰਤੋਂ ਕੀਤੀ ਜਾਂਦੀ ਹੈ। ਉਹ ਤਰੀਕਾ ਜਿਵੇਂ ਕੋਈ ਸਮੇਂ ਦੀ ਕੀਮਤ ਸਮਝਦਾ ਹੈ। ਕੋਈ ਸਮੇਂ ਦੀ ਸੰਰਚਨਾ ਨੂੰ ਕਿਵੇਂ ਸਮਝਦਾ ਹੈ, ਸਮੇਂ ਅਨੁਸਾਰ ਕੰਮ ਦਾ ਆਪਣਾ ਮਹੱਤਵ ਹੈ ਤੇ ਇਹ ਸੰਚਾਰ ਦਾ ਪ੍ਰਭਾਵੀ ਸੰਦ ਹੈ। ਇਸ ਦੀ ਵਰਤੋਂ ਨਾਲ਼ ਹੀ ਸਾਡੇ ਵਿਅਕਤੀਤਵ ਬਾਰੇ ਪਤਾ ਲੱਗਦਾ ਹੈ। ਕੋਈ ਕਿੰਨਾਂ ਕੁ ਸਮੇਂ ਦਾ ਪਾਬੰਦ ਹੈ? ਕੋਈ ਕਿੰਨਾਂ ਕੁ ਸਮਾਂ ਉਡੀਕ ਕਰ ਸਕਦਾ ਹੈ। ਉਸ ਟੈਕਸੀ ਡਰਾਈਵਰ ਦੀ ਮਿਸਾਲ ਯਾਦ ਰੱਖੋ ਜੋ ਅਸੀਂ ਪਹਿਲੇ ਯੂਨਿਟ ਵਿੱਚ ਪੜ੍ਹ ਚੁੱਕੇ ਹਾਂ। ਉਹ ਮਿਥੇ ਸਮੇਂ ਤੋਂ ਦੋ ਘੰਟੇ ਲੇਟ ਪਹੁੰਚਦਾ ਹੈ ... ਇਸ ਦਾ ਅਰਥ ਇਹ ਹੋਇਆ ਕਿ ਉਹ ਡਰਾਈਵਰ ਸਮੇਂ ਦੀ ਕਦਰ ਨਹੀ ਕਰਦਾ। ਇਸ ਦੇ ਨਾਲ਼ ਨਾਲ਼ ਉਹ ਸੈਲਾਨੀ ਦੇ ਸਮੇਂ ਨੂੰ ਵੀ ਬੇਵਜ਼ਾਹ ਬਰਬਾਦ ਕਰਦਾ ਹੈ।



ਪ੍ਰਭਾਵੀ ਸੰਚਾਰ ਲਈ ਸਾਨੂੰ ਮੌਖਿਕ ਤੇ ਗ਼ੈਰ ਮੌਖਿਕ ਦੋਵੇਂ ਸੰਚਾਰ ਸਾਧਨਾ ਦਾ ਧਿਆਨ ਰੱਖਣਾ ਚਾਹੀਦਾ ਹੈ।

## ਵਿਦਿਆਰਥੀਆਂ ਦੀ ਸਵੈ - ਗਤੀਵਿਧੀ - 2

ਦੂਸਰੇ ਲੋਕ ਗੈਰ ਮੌਖਿਕ ਸੰਕੇਤਾਂ ਨੂੰ ਕਿਵੇਂ ਸਮਝਦੇ ਹਨ, ਇਹ ਸਮਝਣ ਲਈ ਵਿਦਿਆਰਥੀ ਨੂੰ ਇਹ ਜ਼ਰੂਰ ਸੋਚਣਾ ਚਾਹੀਦਾ ਹੈ ਕਿ ਉਹ ਆਪਣੇ ਮਾਤਾ-ਪਿਤਾ ਨੂੰ ਜਾਂ ਅਧਿਆਪਕ ਨੂੰ ਆਪਣਾ ਪੱਖ ਸੁਣਨ ਲਈ ਕਦੋਂ ਆਖੇ ਅਤੇ ਫਿਰ ਆਪਣਾ ਪੱਖ ਇੱਕ ਵਿਸ਼ੇਸ਼ ਸਵੇਰ ਨੂੰ ਦੱਸਣ ਦਾ ਫੈਸਲਾ ਕਰੇ ਪਰ ਉਸ ਸਵੇਰ ਨੂੰ ਜਦੋਂ ਉਹ ਆਪਣਾ ਪੱਖ ਦੱਸਣ ਜਾਵੇ ਤਾਂ ਆਪਣਾ ਪੱਖ ਦੱਸੇ ਬਗ਼ੈਰ ਹੀ ਪਰਤ ਆਵੇ ————————————————————————— ਇਹ ਸੋਚੋ ਕਿ ਵਿਦਿਆਰਥੀ ਆਪਣੇ ਮਾਤਾ ਪਿਤਾ ਜਾਂ ਅਧਿਆਪਕ ਨੂੰ ਆਪਣਾ ਪੱਖ ਕਿਉਂ ਨਹੀਂ ਦੱਸ ਸਕਿਆ?

## ਸ਼੍ਰੇਣੀ ਵਿੱਚ ਕੀਤਾ ਜਾਣ ਵਾਲ਼ਾ ਕੰਮ - 2 ਮੂਨ ਫ਼ਿਲਮ ਦੀ ਖੇਡ

ਵਿਦਿਆਰਥੀਆਂ ਨੂੰ ਦੋ ਜਾਂ ਵੱਧ ਟੋਲੀਆਂ ਵਿੱਚ ਵੰਡ ਲਵੋ। ਅੱਧੇ ਬੱਚਿਆਂ 'ਚੋਂ ਕੁਝ ਨੂੰ ਸਕਰੀਨ ਪਲੇਅ ਲਿਖਣ ਅਤੇ ਬਾਕੀਆਂ ਨੂੰ ਕਲਾਕਾਰਾਂ ਵਜੋਂ ਚੁਣ ਲਓ। ਦੂਜੇ ਅੱਧੇ ਹਿੱਸੇ ਨੂੰ ਭੂਮਿਕਾਵਾਂ ਸੌਂਪ ਦਿਓ। ਸਕਰੀਨ ਪਲੇਅ ਵਾਲ਼ਿਆਂ ਨੂੰ ਮੂਨ ਫ਼ਿਲਮ ਦਾ ਦ੍ਰਿਸ਼ ਲਿਖਣ ਲਈ ਆਖੋ – ਉਹਨਾਂ ਨੂੰ ਇਹ ਨੁਕਤੇ ਵੀ ਸਮਝਾ ਦਿਓ ਕਿ ਸਕਰੀਨ ਪਲੇਅ ਲਿਖਣ (ਪਟ-ਕਥਾ) ਵੇਲ਼ੇ ਉਹ ਇਹ ਧਿਆਨ ਰੱਖਣ ਕਿ :

1. ਮੂਨ ਫਿਲਮ ਬਿਨਾਂ ਸ਼ਬਦਾਂ ਤੋਂ ਕਹਾਣੀ ਬਿਆਨ ਕਰਦੀ ਹੈ। ਇਹ ਮਹੱਤਵਪੂਰਨ ਹੈ ਸੀਨ ਵਿੱਚ ਇੱਕ ਵਿਅਕਤੀ ਕੋਈ ਕੰਮ ਕਰ ਰਿਹਾ ਹੈ, ਜਿਵੇਂ ਕਿ ਘਰ ਦੀ ਸਫਾਈ ਜਾਂ ਕਿਸ਼ਤੀ ਚਲਾ ਰਿਹਾ ਹੈ।
2. ਇਸ ਦ੍ਰਿਸ਼ ਵਿੱਚ ਉਦੋਂ ਵਿਘਨ ਪੈ ਜਾਂਦਾ ਹੈ ਜਦੋਂ ਦੂਜਾ ਕਲਾਕਾਰ (ਜਾਂ ਕਈ ਕਲਾਕਾਰ) ਇਸ ਵਿੱਚ ਸ਼ਾਮਲ ਹੋ ਜਾਂਦੇ ਹਨ। ਨਵੇਂ ਕਲਾਕਾਰਾਂ / ਕਲਾਕਾਰ ਦੀ ਆਮਦ ਦਾ ਵੱਡਾ ਪ੍ਰਭਾਵ ਪੈਂਦਾ ਹੈ। ਯਾਦ ਰੱਖੋ ਕਿ ਨਵੇਂ ਕਲਾਕਾਰ ਪਸ਼ੂ, ਜਾਨਵਰ, ਚੋਰ, ਬੱਚੇ ਜਾ ਸੇਲਜ਼ ਮੈਨ ਵੀ ਹੋ ਸਕਦੇ ਹਨ।

ਕਲਾਕਾਰ ਟੋਲੀਆਂ ਉਸ ਸਕ੍ਰਿਪਟ ਅਨੁਸਾਰ ਕੰਮ ਕਰਨਗੀਆਂ। ਬਾਕੀ ਵਿਦਿਆਰਥੀ ਇਸ ਸ਼ੋਅ ਨੂੰ ਵੇਖਣਗੇ। ਇਸ ਅਭਿਆਸ ਨਾਲ ਵਿਦਿਆਰਥੀ ਗੈਰ ਮੌਖਿਕ ਸੰਦੇਸ ਬਾਰੇ ਚੰਗੀ ਤਰ੍ਹਾਂ ਸਮਝ ਸਕਣਗੇ।

## ਮੁੱਲਾਂਕਣ 3 – ਸੰਖੇਪ ਉਤੱਰਾਂ ਵਾਲ਼ੇ ਪ੍ਰਸ਼ਨ

### A ਸੰਖੇਪ ਉਤੱਰਾਂ ਵਾਲ਼ੇ ਪ੍ਰਸ਼ਨ

**1. ਹੇਠ ਲਿਖੇ ਵਿਸ਼ਿਆਂ ‘ਤੇ ਸੰਖੇਪ ਨੋਟ ( 50 ਸ਼ਬਦਾ ) ਲਿਖੋ**

i) ਮੌਖਿਕ ਸੰਚਾਰ

ii) ਗ਼ੈਰ ਮੌਖਿਕ ਸੰਚਾਰ

**2. ਇਹ ਦੱਸੋ ਕਿ ਹੇਠ ਲਿਖੀਆਂ ਟਿਪਣੀਆਂ ਠੀਕ ਹਨ ਜਾਂ ਗ਼ਲਤ**

i) ਓਰਲ ਕਮਿਊਨੀਕੇਸ਼ਨ ਗੈਰ ਮੌਖਿਕ ਸੰਚਾਰ ਦੀ ਕਿਸਮ ਹੈ ———————

ii) ਲਿਖਤੀ ਸੰਚਾਰ ਮੌਖਿਕ ਸੰਚਾਰ ਦੀ ਕਿਸਮ ਹੈ ———————

iii) ਸਰੀਰਿਕ ਹਾਵ–ਭਾਵ ਗੈਰ ਮੌਖਿਕ ਸੰਚਾਰ ਦੀ ਕਿਸਮ ਹੈ ———————

iv) ਗੱਲ ਕਰਨ ਵੇਲ਼ੇ ਉਂਗਲ਼ਾਂ ਦੀ ਹਰਕਤ ਵਧੀਆ ਰਉਂ ਹੈ ———————

v) ਭਾਸ਼ਨ ਦਿੰਦਿਆਂ ਜਾਂ ਗੱਲ ਕਰਦਿਆਂ ਸੁਣਨ ਵਾਲ਼ੇ ਨਾਲ਼ ———————

ਅੱਖਾਂ ਮਿਲਾਉਣਾ ਸੰਚਾਰ ਨੂੰ ਪ੍ਰਭਾਵੀ ਬਣਾਉਦਾ ਹੈ ———————

**3. ਮਲਟੀਪਲ ਚੁਆਇਸ ਉਤੱਰ - ਪ੍ਰਸ਼ਨ**


1. ਹੇਠ ਲਿਖਿਆਂ ‘ਚੋਂ ਕਿਹੜੇ ਵੋਕਲ ਤੱਤ ਨਹੀਂ ਹਨ?

i) ਉਠੱਣ – ਬੈਠਣ ਤੇ ਤੁਰਨ ਦੀ ਮੁਦਰਾ ———————


## 12. ਸੰਚਾਰ ਵਿੱਚ ਰੁਕਾਵਟ-:

ਸੰਚਾਰ ਵਿੱਚ ਰੁਕਾਵਟ ਬਾਰੇ ਜਾਨਣ ਤੋਂ ਬਿਨਾਂ ਸੰਚਾਰ ਦਾ ਅਧਿਐਨ ਅਧੂਰਾ ਹੈ। ਸੰਚਾਰ ‘ਚ ਰੁਕਾਵਟ ਦਾ ਅਰਥ ਹੈ ਕਿ ਤੁਸੀਂ ਕਿਸੇ ਵਿਅਕਤੀ ਜਾਂ ਸਮੂਹ ਨੂੰ ਕੋਈ ਸੰਦੇਸ ਭੇਜਦੇ ਹੋ ਪਰ ਇਹ ਸੰਦੇਸ਼

ਉਸ ਤੱਕ ਨਹੀਂ ਪਹੁੰਚਦਾ ਜਾਂ ਸਪਸ਼ਟ ਰੂਪ ਵਿੱਚ ਉਸ / ਉਹਨ੍ਹਾਂ ਤੱਕ ਨਹੀਂ ਪਹੁਚੰਦਾ।




ਇਸ ਪ੍ਰਕਾਰ ਉਹ ਸੰਦੇਸ ਭੇਜਣ ਦਾ ਕੋਈ ਅਰਥ ਨਹੀਂ ਰਹਿੰਦਾ ਜਿਹਾ ਭੇਜਿਆ ਜਿਹਾ ਨਾ ਭੇਜਿਆ।ਅਜਿਹਾ ਸੰਚਾਰ ਪ੍ਰਕਿਰਿਅ ਦੇ ਵੱਖ-ਵੱਖ ਪੜਾਵਾਂ 'ਤੇ ਵਾਪਰ ਸਕਦਾ ਹੈ। ਹੇਠਾਂ ਦਿੱਤੇ ਚਿੱਤਰ ਤੋਂ ਇਸ ਬਾਰੇ ਵਿਸਥਾਰ ਵਿੱਚ ਪਤਾ ਲੱਗ ਜਾਵੇਗਾ :




(ਸਰੋਤ – ਗਿਰਧਮ, 1995 ਐਡਪਟਡ ਫਰਾਮ (ਇਫੈਨਟਿਵ ਕਮਿਊਨੀਕੇਸ਼ਨ ਐਲੀਸਵੀਅਰ 2007)

ਉਪੱਰ ਦੱਸੀ ਗਈ ਸੰਚਾਰ ਵਿਚਲੀ ਰੁਕਾਵਟ ਜੋ ਸੰਚਾਰ ਦੇ ਵੱਖ-ਵੱਖ ਪੜਾਵਾਂ 'ਤੇ ਵਾਪਰਦੀ ਹੈ ਦਾ ਅਧਿਐਨ ਹੇਠ ਲਿਖੀਆਂ ਤਿੰਨ ਸੁਰਖੀਆਂ ਤਹਿਤ ਕੀਤਾ ਜਾ ਸਕਦਾ ਹੈ :

1. ਭਾਸ਼ਾ (ਭਾਸ਼ਾਈ ਰੁਕਾਵਟ)

2. ਸੱਭਿਆਚਾਰਿਕ,ਰੁਕਾਵਟ

3. ਮਨੋਵਿਗਿਆਨਿਕ ਰੁਕਾਵਟ (ਸਮਝ ਪੱਧਰ ਦਾ ਵਖਰੇਵਾਂ)

## 1. ਭਾਸ਼ਾ (ਭਾਸ਼ਾਈ ਰੁਕਾਵਟ)




ਭਾਸ਼ਾ ਸੰਚਾਰ ਦਾ ਮੁਖ ਮਧਿਅਮ ਹੁੰਦੀ ਹੈ। ਉਦੋਂ ਇਹ ਰੁਕਾਵਟ ਬਣ ਜਾਂਦੀ ਹੈ ਜਦੋਂ ਅਸੀਂ ਕਿਸੇ ਨਾਲ਼ ਉਸ ਭਾਸ਼ਾ 'ਚ ਗੱਲ-ਬਾਤ ਕਰਦੇ ਹਾਂ ਜਿਸ ਭਾਸ਼ਾ ਨੂੰ ਸੁਣਨ ਵਾਲ਼ਾ ਜਾਣਦ ਹੀ ਨਹੀਂ ਹੁੰਦਾ ਜਾਂ ਅਸੀਂ ਕੋਈ ਭਾਸ਼ਾ ਨੂੰ ਗ਼ਲਤ ਤਰੀਕੇ ਨਾਲ਼ ਬੋਲਦੇ ਹਾਂ। ਇਹ ਤਿੰਨ ਤਰ੍ਹਾਂ ਹੋ ਸਕਦਾ ਹੈ :

**i) ਖ਼ਾਸ ਸ਼ਬਦਾਵਲੀ ਦੀ ਵਰਤੋ :** ਖ਼ਾਸ ਸ਼ਬਦਾਵਲੀ ਕਿਸੇ ਵਿਸ਼ੇਸ਼ ਪੇਸ਼ੇ ਨਾਲ਼, ਜਿਵੇਂ ਕਿ ਡਾਕਟਰ ਤੇ ਵਕੀਲਾਂ ਦੀ ਭਾਸ਼ਾ ਨਾਲ਼ ਸੰਬੰਧਿਤ ਹੁੰਦੀ ਹੈ। ਸੈਰ-ਸਪਾਟਾ ਸੱਨਅਤ ਵਿੱਚ ਵੀ ਇੱਕ ਖ਼ਾਸ ਸ਼ਬਦਾਵਲੀ ਵਰਤੀ ਜਾਂਦੀ ਹੈ; ਜਿਵੇਂ ਕਿ ਪੈਕਸ ਦਾ ਅਰਥ ਹੁੰਦਾ ਹੈ ਯਾਤਰੀ । ਕਈ ਪੇਸ਼ੇ ਮੂਲ ਰੂਪ ਵਿੱਚ ਹੀ ਖ਼ਾਸ ਸ਼ਬਦਾਵਲੀ ਤੇ ਨਿਰਭਰ ਕਰਦੇ ਹਨ - ਇਹ ਉਹੁਨਾਂ ਪੇਸ਼ਿਆਂ ਦੀ ਨਿੱਜੀ ਭਾਸ਼ਾ ਹੁੰਦੀ ਹੈ ਜਿਹੜੀ ਹੋਰ ਲੋਕਾਂ ਨੂੰ ਸਮਝ ਨਹੀਂ ਆਉਂਦੀ । ਇਸ ਪ੍ਰਕਾਰ ਇਹ ਸੰਚਾਰ ਵਿੱਚ ਰੁਕਾਵਟ ਬਣ ਜਾਂਦੀ ਹੈ।

**ii) ਪ੍ਰਥਮ ਅੱਖਰੀ ਸ਼ਬਦ ਅਤੇ ਸੰਖੇਪ ਸ਼ਬਦਾਂ ਦੀ ਵਰਤੋਂ :** ਪ੍ਰਥਮ ਅੱਖਰੀ ਸ਼ਬਦ ਜਾਂ ਸੰਖੇਪ ਸ਼ਬਦ ਕਿਸੇ ਵਿਸ਼ੇਸ਼ ਸ਼ਬਦ ਦਾ ਸੰਖੇਪ ਰੂਪ ਹੁੰਦਾ ਹੈ। ਅਜਿਹੇ ਸ਼ਬਦ ਵੀ ਸਰੋਤਿਆਂ ਦੀ ਸਮਝ ਤੋਂ ਬਾਹਰ ਹੁੰਦੇ ਹਨ 'ਤੇ ਬਹੁਤੇ ਉਹਨਾਂ ਸੰਖੇਪ ਸ਼ਬਦਾਂ ਦਾ ਅਰਥ ਨਹੀਂ ਜਾਣਦੇ ਹੁੰਦੇ।

**iii) ਅੰਗਰੇਜ਼ੀ ਭਾਸ਼ਾ ਦੀ ਵਰਤੋਂ :** ਅੰਗਰੇਜ਼ੀ ਮੁੱਖ ਤੌਰ 'ਤੇ ਵਪਾਰ ਲਈ ਵਰਤੀ ਜਾਣ ਵਾਲੀ ਭਾਸ਼ਾ ਹੈ। ਵਿਦੇਸ਼ੀ ਬੁਲਾਰਿਆਂ, ਭਾਵੇਂ ਉਹ ਅੰਗਰੇਜ਼ੀ ਜਾਣਦੇ / ਸਮਝਦੇ ਵੀ ਹੋਣ ਫਿਰ ਵੀ ਕਈ ਵਾਰ ਇਹ ਸੰਚਾਰ ਵਿੱਚ ਰੁਕਾਵਟ ਬਣ ਜਾਂਦੀ ਹੈ। ਕਈ ਵਾਰ ਤੇਜ਼ ਰਫਤਾਰ ਨਾਲ਼ ਬੋਲਣਾ ਜਾਂ ਕਈ ਵਾਰ ਉਪ

ਭਾਸ਼ਾ ਦੀ ਵਰਤੋਂ ਕਰਨਾ ਵੀ ਸੰਚਾਰ ਵਿੱਚ ਰੋਕ ਬਣ ਜਾਂਦਾ ਹੈ, ਅਜਿਹੀ ਅੰਗਰੇਜ਼ੀ ਵੀ ਸਮਝਣੀ ਮੁਸ਼ਕਲ ਹੋ ਜਾਂਦੀ ਹੈ।

2. **ਸੱਭਿਆਚਾਰ ਰੁਕਾਵਟ :** ਸੱਭਿਆਚਾਰ ਦਾ ਅਰਥ ਹੈ ਰਹਿਣ ਸਹਿਣ ਦਾ ਢੰਗ, ਵੱਖ-ਵੱਖ ਜੀਵਨ ਮੁੱਲ, ਪ੍ਰਗਟਾਵੇ ਦੇ ਸਾਧਨ, ਵਿਸ਼ਵਾਸ ਅਤੇ ਭਾਸ਼ਾ। ਸੱਭਿਆਚਾਰ ਦੇ ਆਧਾਰ 'ਤੇ ਹੀ ਕਿਸੇ ਵਿਅਕਤੀ ਦੇ ਜੀਵਨ 'ਚ ਵਾਪਰੀ ਘਟਨਾ ਬਾਰੇ ਪ੍ਰਤੀਕਰਮ ਹੁੰਦਾ ਹੈ। ਸੱਭਿਆਚਾਰਕ ਸਮਝ- ਬੂਝ ਦਾ ਟਕਰਾਓ ਵੀ ਸੰਚਾਰ ਵਿੱਚ ਰੋਕ ਬਣ ਸਕਦਾ ਹੈ। ਜਿਵੇਂ ਕਿ :

i) **ਐਥਨੋਸੈਂਟਰਿਜ਼ਮ :** ਐਥਨੋਸੈਂਟਰਿਜ਼ਮ ਕਿਸੇ ਸੱਭਿਆਚਾਰ ਨੂੰ ਆਪਣੇ ਸੱਭਿਆਚਾਰ ਦੇ ਮਿਆਰਾਂ ਤੇ ਜੀਵਨ ਮੁੱਲਾਂ ਦੇ ਆਧਾਰ 'ਤੇ ਪਰਖਣਾ ਹੁੰਦਾ ਹੈ। ਐਥਨੋਸੈਂਟ੍ਰਿਕ ਵਿਅਕਤੀ ਕਿਸੇ ਦੂਸਰੇ ਵਿਅਕਤੀ ਜਾਂ ਸਮੂਹ ਨੂੰ ਆਪਣੇ ਨਸਲੀ ਸਮੂਹ ਦੇ ਸੱਭਿਆਚਾਰ, ਭਾਸ਼ਾ, ਵਿਹਾਰ, ਰਸਮੋ-ਰਿਵਾਜ ਤੇ ਧਰਮ ਦੇ ਆਧਾਰ 'ਤੇ ਪਰਖਦਾ ਹੈ।

ii) **ਸੱਭਿਆਚਾਰ ਕਾਰਨ ਗੈਰ ਮੌਖਿਕ ਫਰਕ :** ਹਰੇਕ ਸੱਭਿਆਚਾਰ ਦੇ ਜੀਵਨ ਦੇ ਕਈ ਪੱਖਾਂ ਵਿੱਚ ਵੱਖ-ਵੱਖ ਮਿਆਰ ਹੁੰਦੇ ਹਨ। ਜਿਵੇਂ ਕਿ ਤੁਸੀਂ ਕਿੰਨੀ ਤੇਜ਼ ਗੱਲਬਾਤ ਕਰਦੇ ਹੋ, ਤੁਸੀਂ ਕਿੰਨਾਂ ਕੁ ਬੋਲਦੇ ਹੋ, ਤੁਹਾਨੂੰ ਕਿੰਨਾਂ ਕੁ ਚਿਰ ਖੜ੍ਹੇ ਰਹਿਣਾ ਚਾਹੀਦਾ ਹੈ ਆਦਿ। ਜੇ ਤੁਸੀਂ ਇਸ ਵੱਲ ਧਿਆਨ ਨਹੀਂ ਦਿਉਗੇ ਤਾਂ ਇਹ ਤੁਹਾਡੇ ਮੌਖਿਕ ਸੰਚਾਰ ਵਿੱਚ ਰੁਕਾਵਟ ਬਣ ਜਾਵੇਗਾ ਮਿਸਾਲ ਵਜੋਂ ਹਰੇਕ ਸਭਿਆਚਾਰ ਵਿਚ ਸਮਾਜਕ ਇਕੱਠਾਂ ਵਿੱਚ ਜਾਂ ਗੱਲਬਾਤ ਵਿੱਚ ਦੂਰੀ ਦਾ ਸੰਕਲਪ ਵੱਖ-ਵੱਖ ਹੁੰਦਾ ਹੈ। ਮੱਧ ਪੂਰਬ ਤੇ ਦੱਖਣੀ ਅਮਰੀਕਾ ਵਿੱਚ ਗੱਲਬਾਤ ਕਰਨ ਵੇਲ਼ੇ ਲੋਕ ਦੂਸਰੇ ਵਿਅਕਤੀ ਤੋਂ ਬਹੁਤ ਘੱਟ ਦੂਰੀ ਰੱਖਦੇ ਹਨ ਜਦਕਿ ਯੂਰਪੀਅਨ ਤੇ ਅਮਰੀਕਨ ਗੱਲ-ਬਾਤ ਕਰਨ ਵੇਲ਼ੇ ਦੂਸਰੇ ਤੋਂ ਵੱਧ ਦੂਰੀ ਰੱਖਣਾ ਪਸੰਦ ਕਰਦੇ ਹਨ। ਜੇ ਤੁਸੀਂ ਗੱਲ ਕਰਨ ਵੇਲੇ ਦੂਸਰੇ ਤੋਂ ਬਹੁਤ ਘੱਟ ਦੂਰੀ ਰਖੋਗੇ ਇਸ ਨਾਲ਼ ਵੀ

ਗੜਬੜ ਹੋ ਜਾਵੇਗੀ ਤੇ ਇਸ ਨਾਲ਼ ਸੰਚਾਰ ਵਿੱਚ ਵੀ ਰੁਕਾਵਟ ਪੈਦਾਂ ਹੋ ਜਾਵੇਗੀ।

3. **ਮਨੋਵਿਗਿਆਨਿਕ ਰੁਕਾਵਟਾਂ :** ਹਰੇਕ ਵਿਅਕਤੀ ਦੇ ਸੰਬੰਧ 'ਚ ਕਈ ਮਨੋਵਿਗਿਆਨਿਕ ਰੁਕਾਵਟਾਂ ਵੀ ਵੇਖੀਆਂ ਜਾਂਦੀਆਂ ਹਨ। ਕੋਈ ਵੀ ਦੋ ਵਿਅਕਤੀ ਇੱਕੋ ਜਿਹੇ ਨਹੀਂ ਹੁੰਦੇ। ਉਹਨਾਂ ਦਾ ਗਿਆਨ ਵੱਖ-ਵੱਖ ਹੁੰਦਾ ਹੈ, ਤਜਰਬਾ, ਭਾਵਨਾਵਾਂ, ਵਿਸ਼ਵਾਸ਼ ਆਦਿ ਵੱਖ-ਵੱਖ ਹੁੰਦੇ ਹਨ। ਇਸ ਪ੍ਰਕਾਰ ਉਹ ਗੱਲ-ਬਾਤ ਕਰਨ ਵੇਲ਼ੇ ਇਕਸਾਰ ਤਰੰਗ ਵਿੱਚ ਨਹੀਂ ਰਹਿੰਦੇ । ਇਸ ਕਾਰਨ ਵੀ ਸੰਚਾਰ 'ਚ ਰੁਕਾਵਟ ਪੈਂਦੀ ਹੈ। ਹੇਠਾਂ ਉਹ ਕਾਰਨ ਦੱਸੇ ਗਏ ਹਨ ਜਿਨ੍ਹਾਂ ਨਾਲ਼ ਸੰਚਾਰ 'ਚ ਰੁਕਾਵਟ ਪੈਂਦੀ ਹੈ :

i) **ਭਾਵਨਾਵਾਂ :** ਭਾਵਨਾਵਾਂ ਇੱਕ ਮਜ਼ਬੂਤ ਸੰਚਾਰ ਫਿਲਟਰ ਹੁੰਦੀਆਂ ਹਨ। ਜਦੋਂ ਤੁਸੀਂ ਕਿਸੇ ਨੂੰ ਵੀ ਕੋਈ ਸੰਦੇਸ ਭੇਜਦੇ ਹੋ ਉਹ ਸੰਦੇਸ ਪ੍ਰਾਪਤ ਕਰਤਾ ਤੁਹਾਡੇ ਸੰਦੇਸ ਨੂੰ ਆਪਣੀਆਂ ਭਾਵਨਾਵਾਂ ਨਾਲ਼ ਸਮਝਦਾ ਹੈ। ਇਸ ਤਰ੍ਹਾਂ ਉਹ ਇੰਜ ਕਰ ਰਿਹਾ ਹੁੰਦਾ ਹੈ ਜਿਵੇਂ ਰੰਗਦਾਰ ਸ਼ੀਸ਼ਿਆਂ ਵਾਲ਼ੀਆਂ ਐਨਕਾਂ ਨਾਲ਼ ਦੇਖ ਰਿਹਾ ਹੋਵੇ। ਮਜ਼ਬੂਤ ਭਾਵਨਾਵਾਂ ਸੰਦੇਸ ਦੀ ਸ਼ਕਤੀ 'ਚ ਵਿਘਨ ਬਣ ਸਕਦੀਆਂ ਹਨ, ਤੇ ਸੰਚਾਰ ਵਿੱਚ ਵੀ ਵਿਘਨ ਪਾਉਂਦੀਆਂ ਹਨ। ਮਿਸਾਲ ਦੇ ਤੌਰ 'ਤੇ ਜੇ ਤੁਸੀਂ ਆਪਣੇ ਭਰਾ ਜਾਂ ਭੈਣ ਨਾਲ ਸਵੇਰ ਦੇ ਖਾਣੇ ਦੀ ਮੇਜ 'ਤੇ ਹੀ ਲੜ ਪਏ ਹੋ ਤੁਹਾਡੀਆਂ ਭਾਵਨਾਵਾਂ ਖੰਡਿਤ ਹੋਣ ਕਾਰਨ ਤੁਹਾਡਾ ਸੰਚਾਰ ਵੀ ਕਮਜ਼ੋਰ ਹੋਵੇਗਾ।

ii) **ਮਨੋਵ੍ਰਿਤੀ:** ਮਨੋਵ੍ਰਿਤੀ ਵੀ ਪ੍ਰਭਾਵੀ ਸੰਚਾਰ ਵਿੱਚ ਰੁਕਾਵਟ ਬਣ ਜਾਂਦੀ ਹੈ। ਨਾਂਹ ਪੱਖੀ ਤੇ ਹਾਂ ਪੱਖੀ ਮਨੋਵ੍ਰਿਤੀ ਵੀ ਭੇਜੇ ਗਏ ਸੰਦੇਸ ਦੇ ਸੰਚਾਰ ਤੇ ਬਹੁਤ ਅਸਰ ਪਾਉਂਦੇ ਹਨ।

iii) **ਬੇਧਿਆਨੀ :** ਕਈ ਵਾਰ ਅਸੀਂ ਸੁਣ ਤਾਂ ਰਹੇ ਹੁੰਦੇ ਹਾਂ ਪਰ ਉਸ ਨੂੰ ਸਮਝ ਨਹੀਂ ਰਹੇ ਹੁੰਦੇ। ਵਿਸ਼ੇਸ਼ ਕਰਕੇ ਉਦੋਂ ਜਦੋਂ ਸਾਨੂੰ ਕਈ ਮਹੱਤਵਪੂਰਨ ਗੱਲਾਂ ਦਾ ਧਿਆਨ ਰੱਖਣਾ ਹੁੰਦਾ ਹੈ। ਮਿਸਾਲ ਦੇ ਤੌਰ 'ਤੇ ਜਦੋਂ ਤੁਸੀਂ ਟੈਲੀਫ਼ੋਨ ਸੁਣ ਰਹੇ ਹੋਵੋ, ਉਦੋਂ ਹੀ ਕੋਈ ਵਿਅਕਤੀ ਤੁਹਾਡੇ ਕੋਲ਼ ਆ ਜਾਵੇ, ਉਦੋਂ ਇਹ ਜਰੂਰੀ ਹੋ ਜਾਂਦਾ ਹੈ ਕਿ ਤੁਸੀਂ ਫ਼ੋਨ ਕਰਨ ਵਾਲ਼ੇ ਤੋਂ ਮਾਫ਼ੀ ਮੰਗ ਲਵੋ ਤੇ ਆਏ ਵਿਅਕਤੀ ਦੀ ਗੱਲ ਸੁਣੋਂ ਤੇ ਉਸ ਵੱਲ ਪੂਰਾ ਧਿਆਨ ਦਿਓ ਤੁਸੀਂ ਇੰਜ ਵੀ ਕਰ ਸਕਦੇ ਹੋ ਕਿ ਆਏ ਵਿਅਕਤੀ ਨੂੰ ਕੁਝ ਦੇਰ ਇੰਤਜ਼ਾਰ ਕਰਨ ਲਈ ਕਹਿ ਦਿਓ।

## 13. ਪ੍ਰਭਾਵੀ ਸੰਚਾਰ :

ਸੰਚਾਰ ਦੀਆਂ ਵੱਖ-ਵੱਖ ਰੁਕਾਵਟਾਂ ਬਾਰੇ ਜਾਣ ਕੇ ਅਸੀਂ ਇਹਨ੍ਹਾਂ ਨੂੰ ਦੂਰ ਕਰਨ ਦੇ ਤਰੀਕੇ ਵੀ ਲੱਭ ਸਕਦੇ ਹਾਂ: ਅਮਰੀਕੀ ਮੈਨੇਜਮੈਂਟ ਐਸੋਸੀਏਸ਼ਨ ਨੇ ਪ੍ਰਭਾਵੀ ਸੰਚਾਰ ਲਈ ਹੇਠ ਲਿਖੇ ਫੁਰਮਾਨ ਨਿਸਚਿਤ ਕੀਤੇ ਹਨ :

i) ਸੰਚਾਰ ਤੋਂ ਪਹਿਲਾਂ ਆਪਣੇ ਵਿਚਾਰਾਂ ਨੂੰ ਸਪਸ਼ਟ ਕਰ ਲਵੋ।

ii) ਆਪਣੇ ਸੰਚਾਰ ਦਾ ਮੰਤਵ ਜਾਣੋ

iii) ਸੰਚਾਰ ਦਾ ਭੌਤਿਕ ਤੇ ਮਾਨਵੀ ਵਾਤਾਵਰਨ ਸਮਝੋ

iv) ਸੰਚਾਰ ਦੀ ਯੋਜਨਾ ਬਣਾਉਂਦੇ ਸਮੇਂ ਹੋਰਾਂ ਦੀ ਸਲਾਹ ਲਵੋ

v) ਸੰਚਾਰ ਦੀ ਸਮਗਰੀ ਤੇ ਗੁੱਝੀ ਗੱਲ ਦਾ ਧਿਆਨ ਰੱਖੋ

vi) ਜਿਸ ਨੂੰ ਸੰਚਾਰ ਭੇਜ ਰਹੇ ਹੋ ਉਸ ਨੂੰ ਸੰਚਾਰ ਦਾ ਮਹੱਤਵ ਦੱਸੋ

vii) ਫਾਲੋਅਪ ਕਾਰਵਾਈ ਕਰੋ

viii) ਸੰਚਾਰ ਦਾ ਮਹੱਤਵ ਸਮਝੋ

ix) ਤੁਹਾਡੀਆਂ ਹਰਕਤਾਂ / ਕਾਰਵਾਈ ਸੰਚਾਰ ਦੇ ਅਨੁਸਾਰੀ ਹੋਵੇ

x) ਸੁਣਨ ਤੇ ਸਮਝਣ ਦਾ ਅਭਿਆਸ ਕਰੋ, ਪ੍ਰਭਾਵੀ ਸੰਚਾਰ ਲਈ ਸੁਣਨ - ਸਮਝਣ ਦਾ ਗੁਣ ਬੁਹਤ ਹੀ ਜਰੂਰੀ ਹੈ। ਇਸ ਬਾਰੇ ਬਾਅਦ ਵਿੱਚ ਵਿਚਾਰ ਕਰਾਂਗੇ।

## 14. ਸੁਣਨਾ - ਸਮਝਣਾ :

ਇਸ ਦਾ ਸਮਅਰਥੀ ਸ਼ਬਦ ਸੁਣਨਾ ਹੈ। ਪਰ ਸੁਣਨਾ ਇਕ ਆਵਾਜ਼ ਹੁੰਦੀ ਹੈ ਜੋ ਆਵਾਜ਼ ਦੀਆਂ ਲਹਿਰਾਂ ਦੇ ਰੂਪ 'ਚ ਸਾਡੇ ਕੰਨ ਵਿੱਚ ਦਾਖਲ ਹੁੰਦੀ ਹੈ। ਪਰ ਸਮਝ ਕੇ ਸੁਣਨਾ ਵੱਧ ਮਹੱਤਵਪੂਰਨ ਹੈ। ਸਾਨੂੰ ਸਮਝ ਕੇ ਸੁਣਨ, ਤੇ ਉਸ ਦਾ ਹੁੰਗਾਂਰਾ ਭਰਨ ਦੀ ਜਾਚ ਹੋਣੀ ਚਾਹੀਦੀ ਹੈ। ਸੁਣਨਾ - ਸਮਝਣਾ ਉਹ ਸ਼ਕਤੀਸ਼ਾਲੀ ਵਿਸ਼ੇਸ਼ਤਾ ਹੈ ਜੋ ਸਾਡੇ ਵਿਅਕਤਿਤਵ ਵਿੱਚ ਹੋਰ ਕਈ ਵਿਸ਼ੇਸ਼ਤਾਵਾਂ ਵੀ ਪੈਦਾ ਕਰਦੀ ਹੈ ਜਿਵੇਂ ਕਿ ਸਹਿਣਸ਼ੀਲਤਾ, ਨਿਮਰਤਾ ਅਤੇ ਖੁੱਲ੍ਹਾਪਨ । ਸੰਚਾਰ ਰੁਕਾਵਟਾਂ ਨੂੰ ਦੂਰ ਕਰਨ ਲਈ ਵਧੀਆ ਸੁਣਨ - ਸਮਝਣ ਦੀ ਕਲਾ ਜ਼ਰੂਰੀ ਹੁੰਦੀ ਹੈ। ਸੁਣਨ - ਸਮਝਣ ਲਈ ਹੇਠ ਲਿਖੇ ਗੁਣ ਅਪਨਾਉਣੇ

ਚਾਹੀਦੇ ਹਨ :

## ਸੁਣਨ - ਸਮਝਣ ਦੇ ਨਿਯਮ -:

| ਸੁਣਨ - ਸਮਝਣ ਦਾ ਨਿਯਮ | ਨਿਯਮ ਪਿੱਛੇ ਕਾਰਕ |
|---|---|
| 1. ਗੱਲ–ਬਾਤ ਰੋਕੋ | ਕਿਉਂਕਿ ਜੇ ਤੁਸੀਂ ਗੱਲਬਾਤ ਕਰ ਰਹੇ ਹੋਵੋਗੇ ਤੁਸੀ ਹੋਰ ਕੁਝ ਸੁਣ – ਸਮਝ ਨਹੀ ਸਕੋਗੇ । |
| 2. ਜਿਸ ਨੂੰ ਤੁਸੀਂ ਸੁਣ ਰਹੇ ਹੋ ਉਹ ਨਿਸਚਿੰਤ ਹੋਵੇ | ਉਹ ਵਿਅਕਤੀ ਅਪਣੀ ਗੱਲ–ਬਾਤ ਕਰਨ ਅਪਣੀ ਲਈ ਨਿਡਰ ਹੋਵੇ ; ਆਲ–ਦੁਆਲੇ ਕੋਈ ਸ਼ੋਰ–ਸ਼ਰਾਬਾ ਨਾ ਹੋਵੇ। |
| 3. ਵਿਅਕਤੀ ਨੂੰ ਇਹ ਮਹਿਸੂਸ ਕਰਾਓ ਕਿ ਤੁਸੀਂ | ਉਸ ਦੀ ਗੱਲ ਸੁਣਨ ਲਈ ਤਿਆਰ ਹੋ ਤੁਸੀਂ ਉਸਦੀ ਗੱਲ–ਬਾਤ 'ਚ ਦਿਲਚਸਪੀ ਦਿਖਾਓ ਗੱਲ ਸੁਣੋ, ਸਮਝ ਤੇ ਉਸ ਦਾ ਵਿਰੋਧ ਨਾ ਕਰੋ। |
| 4. ਧਿਆਨ ਭੰਗ ਨਾ ਹੋਣ ਦਿਓ | ਟੇਢੇ ਮੇਢੇ ਨਾ ਹੋਵੋ, ਖੜਾਕ ਨਾ ਕਰੋ, ਇੱਥੋਂ ਤੱਕ ਕਿ ਕਾਗਜ਼ ਵੀ ਨਾ ਖੜਕਾਓ। |
| 5. ਉਸਨੂੰ ਸੁਹਿਰਦਤਾ ਨਾਲ ਸੁਣੋ | ਬੁਲਾਰੇ ਦੀ ਗੱਲ–ਬਾਤ ਦੇ ਨੁਕਤੇ ਨੂੰ ਸਮਝੋ। |
| 6. ਸਹਿਨਸ਼ੀਲਤਾ ਬਣਾਈ ਰੱਖੋ | ਉਸ ਦੀ ਗੱਲ 'ਚ ਦਖ਼ਲ ਨਾ ਦਿਓ, ਗੱਲ ਸੁਣਦੇ ਹੋਏ ਦਰਵਾਜ਼ੇ ਤੱਕ ਜਾਣ ਜਾਂ ਬਾਹਰ ਜਾਣ ਦਾ ਯਤਨ ਨਾ ਕਰੋ |
| 7. ਆਪਣੇ ਮਿਜਾਜ਼ ਨੂੰ ਕਾਬੂ ਵਿੱਚ ਰੱਖੋ | ਗੁੱਸੇ 'ਚ ਆਇਆ ਵਿਅਕਤੀ ਸ਼ਬਦਾਂ ਦੇ ਗ਼ਲਤ ਅਰਥ ਕੱਢਦਾ ਹੁੰਦਾ ਹੈ। |

## ਵਿਦਿਆਰਥੀ ਦੇ ਕਰਨ ਵਾਲ਼ਾ ਕੰਮ : 3 ਵਧੀਆ ਸੁਣਨ – ਸਮਝਣ ਦੇ ਹੁਨਰ ਬਾਰੇ ਪ੍ਰਸ਼ਨਾਵਲੀ

1) ਵਧੀਆ ਸੁਣਨ – ਸਮਝਣ ਵਾਲ਼ਾ ਜਦੋਂ ਤੁਸੀਂ ਗੱਲ ਕਰਦੇ ਹੋ, ਖੁਦ ਵੀ ਬੋਲਦਾ ਹੈ

ਠੀਕ / ਗਲ਼ਤ

2) ਜਦੋਂ ਕੋਈ ਤੁਹਾਡੇ ਨਾਲ਼ ਗੱਲ਼–ਬਾਤ ਕਰ ਰਿਹਾ ਹੋਵੇ ਤੁਹਾਡਾ ਟੀ. ਵੀ. ਵੇਖਣਾ ਠੀਕ ਹੈ

ਠੀਕ / ਗਲ਼ਤ

3) ਵਧੀਆ ਸੁਣਨ ਸਮਝਣ ਵਾਲ਼ਾ, ਜਦੋਂ ਤੁਸੀਂ ਗੱਲ ਕਰਦੇ ਹੋਵੋ, ਉਛੱਲ਼ਦਾ / ਲੁਕਦਾ ਹੈ

ਠੀਕ / ਗਲ਼ਤ

4) ਜੇ ਤੁਹਾਡਾ ਅਧਿਆਪਕ ਗੱਲ ਕਰ ਰਿਹਾ ਹੋਵੇ, ਤੁਸੀਂ ਉਸ ਵੱਲ ਵੇਖੋ ਅਤੇ ਹਥਲੇ ਕੰਮ ਨੂੰ ਛੱਡ ਦਿਓ

ਠੀਕ / ਗਲ਼ਤ

5) ਜੇ ਤੁਸੀਂ ਗੱਲ ਕਰ ਰਹੇ ਹੋਵੋ, ਵਧੀਆ ਸੁਣਨ – ਸਮਝਣ ਵਾਲਾ ਸ੍ਰੋਤ ਆਪਣੇ ਕੰਮ ਨੂੰ ਰੋਕ ਦਿੰਦਾ ਹੈ

ਠੀਕ / ਗਲ਼ਤ

### ਮੁੱਲਾਂਕਣ 4 - ਸੰਖੇਪ ਉੱਤਰਾਂ ਵਾਲ਼ੇ ਪ੍ਰਸ਼ਨ

1. ਸੰਚਾਰ ਵਿਚਲੀਆਂ ਰੁਕਾਵਟਾਂ ਨੂੰ ਪਰਿਭਾਸ਼ਤ ਕਰੋ। ਇਹ ਸੰਚਾਰ ਪ੍ਰਕਿਰਿਆ ਦੇ ਵੱਖ ਵੱਖ ਪੜਾਵਾਂ 'ਤੇ ਕਿਉਂ ਵਾਪਰਦੀਆਂ ਹਨ?
2. ਇਹਨ੍ਹਾਂ ਰੁਕਾਵਟਾਂ 'ਤੇ ਕਾਬੂ ਪਾਉਣ ਲਈ ਤੁਸੀਂ ਕਿਹੜਾ ਤਰੀਕਾ ਅਪਣਾਓਗੇ?
3. ਵਧੀਆ ਸੁਣਨ – ਸਮਝਣ ਦੇ ਨਿਯਮ ਲਿਖੋ।

ਇਸ ਯੂਨਿਟ ਵਿੱਚ ਤੁਹਾਨੂੰ ਕਿਤਾਬੀ ਹੁਨਰ ਤੇ ਵਿਹਾਰਿਕ ਹੁਨਰ ਬਾਰੇ ਜਾਣਕਾਰੀ ਦਿੱਤੀ ਗਈ ਹੈ। ਤੁਸੀਂ ਸਮਝ ਗਏ ਹੋਵੋਗੇ ਕਿ ਸੈਰ-ਸਪਾਟਾ ਸੱਨਅਤ ਵਿੱਚ ਸਫ਼ਲ ਹੋਣ ਲਈ ਤੁਹਾਨੂੰ ਵਿਹਾਰਿਕ ਹੁਨਰ ਵਿੱਚ ਵੀ ਨਿਪੁੰਨ ਹੋਣਾ ਚਾਹੀਦਾ ਹੈ। ਇਸ ਯੂਨਿਟ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਸੈਰ-ਸਪਾਟਾ ਸੱਨਅਤ ਵਿੱਚ ਸਫ਼ਲ ਹੋਣ ਲਈ ਹੋਰ ਵਿਹਾਰਿਕ ਹੁਨਰਾਂ ਤੋਂ ਇਲਾਵਾ ਸੰਚਾਰ ਦਾ ਹੁਨਰ ਸਭ ਤੋਂ ਵੱਧ ਲੋੜੀਂਦਾ ਹੁੰਦਾ ਹੈ। ਤੁਸੀਂ ਇਹ ਵੀ ਸਮਝ ਗਏ ਹੋਵੋਗੇ ਕਿ ਸੰਚਾਰ ਦੀ ਪ੍ਰਕਿਰਿਆ ਪੜਾਅ ਦਰ ਪੜਾਅ ਤੁਹਾਡੇ ਬਾਰੇ ਹੋਰਨਾਂ ਨੂੰ ਵੀ ਜਾਣੂ ਕਰਾਉਂਦੀ ਹੈ। ਸੰਚਾਰ ਦੀਆਂ ਕਿਸਮਾਂ ਸਾਨੂੰ ਇਹ ਵੀ ਸਿਖਾਉਂਦੀਆਂ ਹਨ ਕਿ ਜਦੋਂ ਅਸੀਂ ਸੰਚਾਰ ਕਰ ਰਹੇ ਹੋਈਏ ਤਾਂ ਸਾਨੂੰ ਆਪਣੇ ਮੌਖਿਕ ਤੇ ਗੈਰ ਮੌਖਿਕ ਸੰਚਾਰ ਢੰਗਾਂ ਦਾ ਪੂਰਾ ਧਿਆਨ ਰੱਖਣਾ ਚਾਹੀਦਾ ਹੈ।

ਪ੍ਰਭਾਵੀ ਸੰਚਾਰ ਲਈ ਸਾਨੂੰ ਸੰਚਾਰ ਵਿਚਲੀਆਂ ਰੁਕਾਵਟਾਂ, ਜੋ ਸੰਚਾਰ ਦੇ ਵੱਖ-ਵੱਖ ਪੜਾਵਾਂ 'ਤੇ ਵਾਪਰਦੀਆਂ ਹਨ, ਨੂੰ ਘੱਟ ਤੋਂ ਘੱਟ ਕਰ ਲੈਣਾ ਚਾਹੀਦਾ ਹੈ। ਵਧੀਆ ਸੁਣਨ - ਸਮਝਣ ਦਾ ਹੁਨਰ ਹਾਸਲ ਕਰਨ ਨਾਲ਼ ਅਸੀਂ ਵਧੀਆਂ ਬੁਲਾਰੇ ਵੀ ਬਣ ਸਕਦੇ ਹਾਂ। ਇਹ ਯੂਨਿਟ ਵਿਹਾਰਿਕ ਹੁਨਰ ਦੇ ਮੁਢਲੇ ਨਿਯਮਾਂ ਨਾਲ਼ ਹੀ ਸੰਬੰਧਿਤ ਹੈ। ਅਗਲੀ ਕਲਾਸ ਵਿੱਚ ਤੁਸੀਂ ਹੋਰ ਵਿਹਾਰਿਕ ਹੁਨਰਾਂ ਬਾਰੇ ਵੀ ਪੜ੍ਹੋਗੇ ਜੋ ਸੈਰ-ਸਪਾਟਾ ਸੱਨਅਤ ਵਰਗੀਆਂ ਸੇਵਾਵਾਂ ਨਾਲ਼ ਸੰਬੰਧਿਤ ਸੱਨਅਤ 'ਚ ਕਾਮਯਾਬ ਹੋਣ ਲਈ ਜ਼ਰੂਰੀ ਹੁੰਦੇ ਹਨ।






## ਹਵਾਲਾ ਪੁਸਤਕਾਂ

ਕੋਟਸ, ਡੈਨਿਸ ਈ. ਪੀਪਲ ਸਕਿਲਜ਼ ਟ੍ਰੇਨਿੰਗ : ਆਰ ਯੂ ਗੈਟਿੰਗ ਏ ਹਿਟਰਨ ਆਲ ਯੂਅਰ ਇਨਵੈਸਟਮੈਂਟ : ਰੀਟਰੀਵਡ ਫਰਾਮ : http:// www. Prxiconsulting org./people skills. Pdf. On 11th july 2013

ਇਨਫੈਕਟਿਵ ਕਮਿਊਨੀਕੇਸ਼ਨ (2007) ਐਲਸਵੀਅਰ ਅਨਲਾਈਨ ਪੁਸਤਕ. ਰੀਟਰੀਵਡ ਫਰਾਮ http://r5 books. Elsevier. Com/bookscat/samples/9780080465296 / 9780080465296 pdf. On 11th July 2013.

Kumar, Sanjay and Singh, pushofplata (2011) communication skills oup India, New Delhi.

Raman, Meenakshi and Singh Parkash (2012) Business communication, Oup India, New Delhi.

Lawfrance Aricia E Helping students cultivate soft skills, Retrieved from https://www google.com.in / urlfhelfining students cultivate softskills Aricia E Lafrance.doc&ei=4 87 jubey 04 Trafgwl Gypw & usg = AfQ j CNHS WgEQ 8081 PK. ZuAX wHi TAxrjtq & sig 2 = Kw 2 CX – bxy F 61 1 to 3m BRNaNQ& bvm = bv 48705608, d. bmk on 11th July 2013

ਲਨੇਰੀ, Raplh – body ਲੈਂਗੁਏਜ – ਡੀਕੋਡਡ ਫੋਰਬਸ. com. Retrievred from http:// www.forbes . com/2009/06/23 body language. First impression – forbes –

woman leadership – communication.html. on 11th July 2013

ਮਾਹਿਦਾ, ਏ. ਚਿੰਤਨ, ਕਮਿਉਨੀਕੇਸ਼ਨ ਸਕਿਲਜ਼ Retrieved from http:/chintan Mahida. Tripod.com. on July 2013

ਸ਼ੁਲਜ ਬਰਨਡ (2008) ਇੰਪਾਰਟੈਂਸ ਆਫ ਸਾਫਟ ਸਕਿਲੱਜ਼, ਐਜੂਕੇਸ਼ਨ ਬੀਆਂਡ ਅਕੈਡਮਿਕ ਨੌਲੇਜ Journal of language & communication, Retrieved from : http:// 1r. polytechnic. Edu. Na/bits tream / 10628 / 39 / 1 / The % 20 importance % 20 oft % 20 % 20 skills.education % 20 beyond % 20 % academic % 20 knowledge pdf on 11th July 2013 wikipedia : www.eu.wikipedia.com.

## ਯੂਨਿਟ - 1 ਸੈਰ-ਸਪਾਟੇ ਬਾਰੇ ਜਾਣਕਾਰੀ

### ਸਮੱਗਰੀ :

1.0 ਯੂਨਿਟ 'ਤੇ ਸਰਸਰੀ ਨਜ਼ਰ ਅਤੇ ਵੇਰਵੇ

1.1 ਜਾਣਕਾਰੀ

1.2 ਸੈਰ-ਸਪਾਟੇ ਦੀ ਪਰਿਭਾਸ਼ਾ

1.3 ਸੈਲਾਨੀ ਵਰਗ

1.4 ਸੈਰ-ਸਪਾਟੇ ਦਾ ਮੰਤਵ

1.5 ਸੈਰ-ਸਪਾਟੇ ਦੇ ਅੰਗ

1.6 ਸੈਰ-ਸਪਾਟੇ ਦੀਆਂ ਕਿਸਮਾਂ

1.7 ਸਾਰ

### 1.0 ਯੂਨਿਟ 'ਤੇ ਸਰਸਰੀ ਨਜ਼ਰ ਤੇ ਵੇਰਵੇ

ਇਸ ਯੂਨਿਟ ਵਿੱਚ ਵਿਦਿਆਰਥੀਆਂ ਨੂੰ ਸੈਰ-ਸਪਾਟੇ ਦੇ ਵਿਸ਼ੇ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਹ ਯੂਨਿਟ ਵਿਦਿਆਰਥੀਆਂ ਦੀ ਮਦਦ ਕਰੇਗਾ ਕਿ ਉਹ

- ਸੈਰ-ਸਪਾਟੇ ਦੀ ਪਰਿਭਾਸ਼ਾ ਜਾਣ ਸਕਣ
- ਸੈਲਾਨੀ ਤੇ ਯਾਤਰੀ ਦਾ ਫਰਕ ਜਾਣ ਸਕਣ
- ਇਹ ਜਾਣ ਸਕਣ ਕਿ ਸੈਰ ਸਪਾਟ-ਵਿੱਚ ਕੀ-ਕੀ ਹੁੰਦਾ ਹੈ
- ਸੈਰ-ਸਪਾਟੇ ਦੀਆਂ ਆਮ ਕਿਸਮਾਂ ਵਿਚਲਾ ਫਰਕ ਜਾਣ ਸਕਣ

## ਸਰੋਤ ਸਮਗਰੀ


1. ਭਾਟੀਆ, ਏ.ਕੇ. ਇੰਟਰਨੈਸ਼ਨਲ ਟੂਰਿਜ਼ਮ, ਸਟਰਲਿੰਗ ਪਬਲਿਸ਼ਰਜ਼ ਨਵੀਂ ਦਿੱਲੀ।
2. ਭਾਟੀਆ, ਏ.ਕੇ. ਟੂਰਿਜ਼ਮ ਡਿਵੈਲਪਮੈਂਟ: ਪ੍ਰਿੰਸੀਪਲਜ਼ ਪ੍ਰੈਕਟਿਸਜ਼ ਐਂਡ ਫ਼ਿਲਾਸਫ਼ੀ, ਸਟਰਲਿੰਗ ਪਬਲਿਸ਼ਰਜ਼, ਨਵੀ. ਦਿੱਲੀ
3. ਗੋਇਲਡਨਰ, ਚਾਰਲਸ ਐਂਡ ਬਰੈਂਟ ਰਿਚੀ, ਆਈ. ਆਰ. 2006 ਟੂਰਿਜ਼ਮ : ਪ੍ਰਿੰਸੀਪਲਜ਼, ਫਿਲਾਸਫੀਜ਼, ਦਿੱਲੀ ਇੰਡੀਆ
4. ਹੋਲੋਵੇਅ, ਜੇ.ਸੀ.(1994) ਦਿ ਬਿਜ਼ਨਸ ਆਫ ਟੂਰਿਜ਼ਮ, ਪਿਟਮੈਨ ਪਬਲਿਸ਼ਿੰਗ, ਲੰਦਨ।
5. ਮੇਡਲਿਕ ਐਸ.(1997) ਅੰਡਰਸਟੈਡਿੰਗ ਟੂਰਿਜ਼ਮ, ਬਦਰਵਰਥ ਹਿਨੇਮਨ, ਆਕਸਫੋਰਡ


## ਮੁੱਲਾਂਕਣ ਯੋਜਨਾ :

ਅਭਿਆਸ : ਪ੍ਰਸ਼ਨ ਤੇ ਉੱਤਰ, ਰੋਲ ਪਲੇਅ ਤੇ ਗਰੁੱਪ ਵਿੱਚ ਵਿਚਾਰ ਚਰਚਾ

## 1.1 ਜਾਣਕਾਰੀ -:

ਸੈਰ-ਸਪਾਟਾ ਉਹ ਗਤੀਵਿਧੀ ਹੈ ਜੋ ਅਸੀਂ ਸਾਰੇ ਦੇ ਸਾਰੇ ਕਦੇ ਨਾ ਕਦੇ ਜ਼ਰੂਰ ਕਰਦੇ ਹਾਂ। ਕਿਸੇ ਸਥਾਨਕ ਅਜਾਇਬਘਰ ਵਿੱਚ ਸਕੂਲ ਦਾ ਟ੍ਰਿਪ ਜਾਂ ਕਿਸੇ ਮਸ਼ਹੂਰ ਸਮਾਰਕ ਜਾਂ ਝਰਨੇ, ਤੁਹਾਡੇ ਸ਼ਹਿਰ ਦੇ ਨੇੜੇ ਕਿਸੇ ਪਾਰਕ ਜਾਂ ਕਿਸੇ ਧਾਰਮਿਕ ਅਸਥਾਨ ਦੀ ਯਾਤਰਾ, ਇਹ ਸਭ ਸੈਰ-ਸਪਾਟੇ ਵਿੱਚ ਆ ਜਾਂਦੇ ਹਨ। ਤੁਹਾਨੂੰ ਇਹ ਵੀ ਯਾਦ ਹੋਵੇਗਾ ਕਿ ਤੁਸੀਂ ਆਪਣੇ ਦਾਦਕੇ ਜਾਂ ਨਾਨਕੇ ਜੋ ਕਿਸੇ ਹੋਰ ਸ਼ਹਿਰ 'ਚ ਰਹਿੰਦੇ ਸਨ, ਉੱਥੇ ਛੁੱਟੀਆਂ ਬਿਤਾਉਣ ਜਾਇਆ ਕਰਦੇ ਸੀ। ਤੁਸੀਂ ਆਪਣੇ ਘਰ ਵਾਲ਼ੇ ਸ਼ਹਿਰ ਤੋਂ ਦੂਰ ਕਿਸੇ ਹੋਰ ਸ਼ਹਿਰ ਵਿੱਚ ਵੀ ਦਿਲਚਸਪ ਥਾਂਵਾਂ ਵੇਖਣ ਜਾਂਦੇ ਰਹੇ ਹੋਵੋਗੇ। ਕਿਸੇ ਨਵੇਂ ਸੈਰ-ਸਪਾਟਾ ਥਾਂ 'ਤੇ ਜਾ ਕੇ ਤੁਸੀਂ ਖ਼ੁਸ਼ੀ ਤੇ ਉਤਸ਼ਾਹ ਮਹਿਸੂਸ ਕਰਦੇ ਹੋਵੋਗੇ। ਇਹੀ ਕਾਰਨ ਹੈ ਕਿ ਸੈਰ-ਸਪਾਟਾ ਬੜੀ

ਲੋਕਪ੍ਰਿਆ ਗਤੀਵਿਧੀ ਬਣ ਗਈ ਹੈ।







ਸੈਰ-ਸਪਾਟਾ ਗਤੀ-ਵਿਧੀ ਨੂੰ ਖ਼ੁਸ਼ੀ ਤੇ ਆਨੰਦ ਦੀ ਪ੍ਰਾਪਤੀ ਲਈ ਯਾਤਰਾ ਵੀ ਕਿਹਾ ਜਾਂਦਾ ਹੈ। ਕਈ ਲੋਕ ਆਪਣੇ ਵਪਾਰ ਦੇ ਸਿਲਸਿਲੇ ਵਿੱਚ ਵੀ ਅਜਿਹੀ ਯਾਤਰਾ 'ਤੇ ਜਾਂਦੇ ਹਨ। ਇਹ ਅਜਿਹੀ ਗਤੀ-ਵਿਧੀ ਹੈ ਜੋ ਇਕੱਲਿਆਂ ਜਾਂ ਟੋਲੀਆਂ ਵਿੱਚ ਵੀ ਕੀਤੀ ਜਾਂਦੀ ਹੈ। ਲੋਕ ਆਪਣੇ ਘਰਾਂ ਦੇ ਇੱਕ ਨਿਸਚਿਤ ਵਾਤਾਵਰਨ ਤੋਂ ਕੁਝ ਨਿਜਾਤ ਪਾਉਣ ਲਈ ਵੀ ਸੈਰ ਸਪਾਟੇ ਨੂੰ ਤਰਜੀਹ ਦਿੰਦੇ ਹਨ। ਲੋਕਾਂ ਦੀ ਇਹ ਗਤੀ-ਵਿਧੀ ਮਨੋਰੰਜਨ ਲਈ ਆਪਣੇ ਵਪਾਰ ਚ ਵਾਧੇ ਲਈ ਵੀ ਹੋ ਸਕਦੀ ਹੈ, ਇਥੇ ਗਤੀ-ਵਿਧੀ ਦੇ ਆਧਾਰ 'ਤੇ ਸੈਰ-ਸਪਾਟੇ ਦਾ ਵਪਾਰ ਚੱਲਦਾ ਹੈ। ਕੋਈ ਹੋਰ ਸਨਅਤਾਂ ਦੇ ਲੋਕ ਜਿਵੇਂ ਕਿ ਏਅਰ ਲਾਈਨਜ਼, ਰੇਲਵੇਜ਼, ਠਹਿਰਾਓ ਸਹੂਲਤਾਂ ਵਾਲ਼ੇ ਹੋਟਲ ਆਦਿ ਰਲ਼ ਕੇ ਸੈਰ ਸਪਾਟੇ ਨੂੰ ਹੋਰ ਦਿਲਕਸ਼, ਮਨੋਰੰਜਕ ਅਤੇ ਯਾਦਗਾਰੀ ਬਣਾਉਂਦੇ ਹਨ।







ਇਹ ਯੂਨਿਟ ਤੁਹਾਨੂੰ ਤੇਜ਼ੀ ਨਾਲ਼ ਵੱਧ ਫੁੱਲ ਰਹੀ ਤੇ ਵੱਡੀ ਗਿਣਤੀ 'ਚ ਰੁਜ਼ਗਾਰ ਮੁਹੱਈਆ

ਕਰਵਾਉਣ ਵਾਲ਼ੀ ਸੈਰ ਸਪਾਟਾ ਸਨਅਤ ਬਾਰੇ ਵੀ ਜਾਣੂ ਕਰਵਾਏਗਾ।


## 1.2 ਸੈਰ-ਸਪਾਟੇ ਦੀ ਪਰਿਭਾਸ਼ਾ :

ਇਹ ਸਰਬ ਸੰਮਤ ਸੱਚ ਹੈ ਮਨੁੱਖ ਹਰ ਸਮੇਂ ਯਾਤਰਾ 'ਤੇ ਰਹਿੰਦਾ ਹੈ। ਭਾਵੇਂ ਉਹ ਖਾਣੇ ਦੀ ਤਲਾਸ਼ ਵਿੱਚ ਯਾਤਰਾ ਕਰੇ ਭਾਵੇਂ ਸਿਰ ਦੀ ਛੱਤ ਲੱਭਣ ਲਈ ਯਾਤਰਾ ਕਰੇ ਤੇ ਭਾਵੇਂ ਆਪਣੀ ਸੁਰੱਖਿਆ ਅਤੇ ਭਾਵੇਂ ਆਪਣੇ ਵਪਾਰ ਲਈ ਯਾਤਰਾ ਕਰੇ। ਸਦੀਆਂ ਤੋਂ ਚੱਲ ਰਹੀ ਯਾਤਰਾ ਦੀ ਗਤੀਵਿਧੀ ਹੁਣ ਸੈਰ-ਸਪਾਟੇ ਦਾ ਰੂਪ ਧਾਰਨ ਕਰ ਗਈ ਹੈ ਇਸ ਲਈ ਸਾਨੂੰ ਇਸ ਨੂੰ ਪਰਿਭਾਸ਼ਤ ਕਰਨ ਦੀ ਲੋੜ ਪਈ ਹੈ। ਕੋਈ ਇਹ ਵੀ ਪ੍ਰਸ਼ਨ ਕਰ ਸਕਦਾ ਹੈ ਕਿ - ਸਾਨੂੰ ਸੈਰ-ਸਪਾਟੇ ਨੂੰ ਪਰਿਭਾਸ਼ਤ ਕਰਨ ਦੀ ਲੋੜ ਕਿਉਂ ਹੈ? ਕੀ ਅਸੀਂ ਸੈਰ-ਸਪਾਟਾ ਸਨਅਤ ਬਾਰੇ ਸਮਝ ਨਹੀਂ ਸਕਦੇ? ਹਰ ਕਿਸੇ ਨੂੰ ਹਰੇਕ ਚੀਜ਼ ਨੂੰ ਪਰਿਭਾਸ਼ਤ ਕਰਨ ਤੇ ਵੱਖ-ਵੱਖ ਪਰਿਭਾਸ਼ਾਵਾਂ ਨਾਲ਼ ਕਿਤਾਬਾਂ ਦੀਆਂ ਕਿਤਾਬਾਂ ਭਰਨ ਦੀ ਲੋੜ ਕਿਉਂ ਹੈ?

ਠੀਕ ਹੈ, ਇਹਨਾਂ ਪ੍ਰਸ਼ਨਾਂ ਦਾ ਉੱਤਰ ਦੇਣ ਲਈ ਸਾਨੂੰ ਸੈਰ-ਸਪਾਟਾ ਗਤੀਵਿਧੀ ਦੇ ਗੁੰਝਲ਼ਦਾਰ ਸੁਭਾਅ ਨੂੰ ਸਮਝਣਾ ਪਵੇਗਾ ਜਿਵੇਂ ਕਿ ਲੈਟ ਜੇ : ਨੇ 1989 'ਚ ਕਿਹਾ ਸੀ "ਸੈਰ- ਸਪਾਟਾ ਵਿਸ਼ਵ ਭਰ ਦੀਆਂ ਸੱਭਿਆਚਾਰਿਕ ਹੱਦਾਂ ਨੂੰ ਪਾਰ ਕਰਕੇ ਲੋਕਾਂ ਦੀ ਇੱਕੋ ਇੱਕ ਵਿਸਤ੍ਰਿਤ ਤੇ ਅਮਨਪੂਰਬਕ ਗਤੀਵਿਧੀ ਹੈ।" ਇਸ ਦਾ ਅਰਥ ਇਹ ਹੋਇਆ ਕਿ ਸੈਰ-ਸਪਾਟਾ ਲੋਕਾਂ ਦੀ ਆਪਣੇ ਦੇਸ਼ ਅੰਦਰ ਅਤੇ ਦੇਸ਼ ਤੋਂ ਬਾਹਰ ਸੈਰ ਕਰਨ ਦੀ ਗਤੀਵਿਧੀ ਹੈ ਜਿਵੇਂ ਕਿ ਤੁਸੀਂ ਜਾਣਦੇ ਹੋ, ਇਹ ਗਤੀਵਿਧੀ (ਸੈਰ ਸਪਾਟਾ) ਸਾਰੀਆਂ ਸੰਬੰਧਿਤ ਧਿਰਾਂ ਨੂੰ ਵਿੱਤੀ ਲਾਭ ਵੀ ਪ੍ਰਦਾਨ ਕਰਦੀ ਹੈ। ਸੈਰ-ਸਪਾਟੇ ਦੇ ਇਹਨਾਂ ਵਿੱਤੀ ਲਾਭਾਂ ਦਾ ਮੁੱਲਾਂਕਣ ਕਰਨ ਲਈ ਤੇ ਇਹਨਾਂ ਦਾ ਰਿਕਾਰਡ ਰੱਖਣ ਲਈ ਸਾਨੂੰ ਸੈਰ-ਸਪਾਟੇ ਦੀ ਪਰਿਭਾਸ਼ਾ ਦੇਣੀ ਪੈਂਦੀ ਹੈ ਅਤੇ ਇਸ ਗਤੀਵਿਧੀ ਨੂੰ ਕਰਨ ਵਾਲ਼ਿਆਂ - ਸੈਲਾਨੀਆਂ ਨੂੰ ਵੀ ਪਰਿਭਾਸ਼ਤ ਕਰਨ ਦੀ ਲੋੜ ਹੈ।



ਪਹਿਲਾਂ ਅਸੀਂ ਸੈਰ-ਸਪਾਟੇ ਨੂੰ ਪਰਿਭਾਸ਼ਤ ਕਰਦੇ ਹਾਂ। ਟੂਰਿਜ਼ਮ ਸ਼ਬਦ ਬਾਰੇ ਇੱਕ ਦਿਲਚਸਪ ਤੱਥ ਹੈ - ਇਸ ਸ਼ਬਦ ਦਾ ਮੂਲ ਲੱਭਣਾ ਵੀ ਖੋਜ ਦਾ ਵਿਸ਼ਾ ਬਣਿਆ ਹੋਇਆ ਹੈ। ਇੱਕ ਸੈਰ ਸਪਾਟਾ ਖੋਜਾਰਥੀ, ਥੀਓਬਾਲਡ ਅਨੁਸਾਰ "ਨਿਰਕੁਤ ਸ਼ਾਸ਼ਤਰ ਅਨੁਸਾਰ ਸ਼ਬਦ 'ਟੂਰ'



ਲੈਤਿਨ ਸ਼ਬਦ TORNARE / TORNUS ਅਤੇ ਗਰੀਕ ਸ਼ਬਦ TORNOS ਤੋਂ ਲਿਆ ਗਿਆ ਹੈ। ਜਿਸ ਦਾ ਆਧੁਨਿਕ ਅੰਗਰੇਜ਼ੀ ਵਿੱਚ ਅਰਥ ਹੈ "One's turn" ਇਹ ਵੀ ਵੇਖਿਆ ਗਿਆ ਹੈ ਕਿ ਸ੍ਰੋਤ ਤੋਂ ਸ੍ਰੋਤ, ਤੱਕ ਸੈਰ-ਸਪਾਟੇ ਦੀ ਪਰਿਭਾਸ਼ਾ ਵੱਖਰੀ ਹੈ। ਸੈਰ-ਸਪਾਟੇ ਦੀ ਪਰਿਭਾਸ਼ਾ ਬਾਰੇ ਸਾਰੇ ਇੱਕ ਮੱਤ ਨਹੀਂ ਹਨ; ਇਸ ਯੂਨਿਟ ਵਿੱਚ ਕੁਝ ਉਹ ਪਰਿਭਾਸ਼ਾਵਾਂ ਹੀ ਦਿੱਤੀਆਂ ਜਾ ਰਹੀਆਂ ਹਨ ਜੋ ਆਮ ਤੌਰ ਤੇ ਪ੍ਰਵਾਨਿਤ ਮੰਨੀਆਂ ਜਾਂਦੀਆਂ ਹਨ।

ਸੈਰ-ਸਪਾਟੇ ਦੀ ਇੱਕ ਪਰਿਭਾਸ਼ਾ ਹੈ ਕਿ ਕਿਸੇ ਵੱਲੋਂ ਕੀਤੀ ਗਈ ਯਾਤਰਾ ਤੇ ਠਹਿਰਾਓ। ਜਦੋਂ ਤਕ ਉਸ ਨੂੰ ਪੱਕੀ ਰਿਹਾਇਸ਼ ਨਹੀਂ ਮਿਲ਼ਦੀ, ਉਸ ਦਾ ਇਹ ਠਹਿਰਾਓ ਕੁਝ ਕਮਾਉਣ ਨਾਲ਼ ਸੰਬੰਧਿਤ ਨਹੀਂ ਹੁੰਦਾ, ਸੈਰ- ਸਪਾਟਾ ਇਹਨਾਂ ਸਾਰਿਆਂ ਵਰਤਾਰਿਆਂ ਦਾ ਸਮੂਹ ਹੈ। ਇਹ ਪਰਿਭਾਸ਼ਾ ਸਵਿਸ ਪ੍ਰੋਫ਼ੈਸਰ ਹੁੰਜਿਕਰ ਐਂਡ ਕਰਾਫ ਨੇ 1939 ਵਿੱਚ ਦਿਤੀ ਸੀ, ਤੇ ਇਸ ਨੂੰ ਇੰਟਰਨੈਸ਼ਨਲ ਐਸੋਸੀਏਸ਼ਨ ਆਫ ਸਾਇੰਟੇਫਿਕ ਐਕਸਪਰਟਸ ਇਨ ਟੂਰਿਜ਼ਮ (ਵੈਸਟ) ਵੱਲੋਂ ਪ੍ਰਵਾਨ ਕਰ ਲਿਆ ਗਿਆ। ਉਂਜ ਵੀ ਇਹ ਸਾਰੀਆਂ ਪਰਿਭਾਸ਼ਾਵਾਂ ਨਾਲ਼ੋਂ ਵੱਧ ਮੰਨਣਯੋਗ ਹੈ।

ਮੈਥੀਸਕ ਐਂਡ ਵਾਲ (1982) ਨੇ ਵੀ ਸੈਰ ਸਪਾਟੇ ਦੀ ਇੱਕ ਚੰਗੀ ਤੇ ਕੰਮਕਾਰੀ ਪਰਿਭਾਸ਼ਾ ਦਿੱਤੀ ਹੈ ਕਿ ਲੋਕਾਂ ਦੀ ਆਪਣੇ ਘਰਾਂ ਤੋਂ ਬਾਹਰ ਕਿਸੇ ਹੋਰ Stet ਦੀ ਯਾਤਰਾ ਤੇ ਆਰਜ਼ੀ ਠਹਿਰਾਓ, ਇਸ ਠਹਿਰਾਓ ਦੌਰਾਨ ਕੀਤੀਆਂ ਗਤੀਵਿਧੀਆਂ ਅਤੇ ਠਹਿਰਾਓ ਦੌਰਾਨ ਉਹਨਾਂ ਨੂੰ ਦਿੱਤੀਆਂ ਜਾਣ ਵਾਲ਼ੀਆਂ ਲੋੜੀਂਦੀਆਂ ਸਹੂਲਤਾਂ ਸੈਰ-ਸਪਾਟੇ ਤਹਿਤ ਆਉਂਦੀਆਂ ਹਨ।"

ਯੂਨਾਈਟਡ ਨੈਸ਼ਨਲ ਵਰਲਡ ਟੂਰਿਜ਼ਮ ਅਰਗੇਨਾਈਜ਼ੇਸ਼ਨ (UN – WTO) ਵੱਲੋਂ ਸੈਰ-ਸਪਾਟੇ ਦੀ ਇਹ ਪਰਿਭਾਸ਼ਾ ਦਿੱਤੀ ਗਈ ਹੈ, ਕਿਸੇ ਵਿਅਕਤੀ ਜਾਂ ਵਿਅਕਤੀਆਂ ਵੱਲੋਂ ਆਪਣੇ ਪੱਕੇ ਨਿਵਾਸ ਤੋਂ ਦੂਰ ਕਿਸੇ ਸੈਲਾਨੀ ਸਥਾਨ ਦੀ ਯਾਤਰਾ ਤੇ ਠਹਿਰਾਓ, ਜੋ ਇਕ ਸਾਲ ਤੋਂ ਵੱਧ ਨਾ ਹੋਵੇ, ਉਸ ਥਾਂ 'ਤੇ ਕੀਤਾ ਗਿਆ ਮਨੋਰੰਜਨ ਜਾਂ ਵਪਾਰਕ ਕੰਮ-ਕਾਰ, ਜਾਂ ਹੋਰ ਗਤੀਵਿਧੀ ਜਿਸ ਦਾ ਮੰਤਵ ਲਾਭ ਕਮਾਉਣਾ ਨਾ ਹੋਵੇ, ਸੈਰ ਸਪਾਟਾ ਅਖਵਾਉਂਦਾ ਹੈ" ਯੂ.ਐਨ.ਡਬਲਯੂ ਟੀ.ਓ. ਵੱਲੋਂ ਹੋਰ ਕਿਹਾ



Eiffel Tower, Paris

ਗਿਆ ਹੈ ਕਿ ਸੈਰ-ਸਪਾਟਾ ਯਾਤਰਾ ਤੋਂ ਵੱਖਰਾ ਹੁੰਦਾ ਹੈ। ਸੈਰ ਸਪਾਟੇ ਦਾ ਅਰਥ ਹੁੰਦਾ ਹੈ ਥਾਂ ਬਦਲੀ। ਥਾਂ ਬਦਲੀ ਲਈ ਵਿਅਕਤੀ ਨੂੰ ਯਾਤਰਾ ਕਰਨੀ ਪੈਂਦੀ ਹੈ, ਭਾਵੇਂ ਇਹ ਯਾਤਰਾ ਕਿਸੇ ਵੀ ਮਾਧਿਅਮ ਜ਼ਰੀਏ ਕੀਤੀ ਜਾਵੇ। ਉਹ ਯਾਤਰਾ ਪੈਦਲ ਵੀ ਕਰ ਸਕਦਾ ਹੈ, ਅੱਜ ਦੇ ਦਿਨੀਂ ਅਤਿ ਗਰੀਬ ਤਬਕਾ ਇਸ ਮਾਧਿਅਮ ਰਾਹੀਂ ਯਾਤਰਾ ਕਰਦਾ ਹੈ, ਪਰ ਤੀਰਥ ਯਾਤਰਾ ਆਦਿ ਲਈ ਉੱਚੇ ਤਬਕੇ ਦੇ ਲੋਕ ਵੀ ਪੈਦਲ ਯਾਤਰਾ ਕਰਦੇ ਹਨ। 42 ਯਾਤਰੀਆਂ ਵਲੋਂ ਵੀ ਪੈਦਲ ਯਾਤਰਾ ਕੀਤੀ ਜਾਂਦੀ ਹੈ।

ਸੈਰ ਸਪਾਟੇ ਨਾਲ਼ ਸੰਬੰਧਿਤ ਟ੍ਰਿਪ ਵਿੱਚ ਤਿੰਨ ਢੰਗ ਤਰੀਕੇ ਨਾਲ਼ੋਂ ਨਾਲ਼ ਹੋਣੇ ਚਾਹੀਦੇ ਹਨ। ਇਹ ਤਿੰਨ ਢੰਗ ਹਨ ਕਿ ਥਾਂ ਬਦਲੀ ਇਸ ਪ੍ਰਕਾਰ ਦੀ ਹੋਵੇ ਕਿ :

1) ਆਪਣੇ ਪੱਕੇ ਟਿਕਾਣੇ ਤੋਂ ਬਾਹਰ ਥਾਂ ਬਦਲੀ ਹੋਵੇ। ਇਹ ਸ਼ਰਤ ਬੇਹੱਦ ਮਹੱਤਵਪੂਰਨ ਹੈ ਤੇ ਇਸ ਬਾਰੇ ਬਾਅਦ ਵਿੱਚ ਚਰਚਾ ਕੀਤੀ ਜਾਵੇਗੀ।


2) **ਮੰਤਵ ਦੀ ਕਿਸਮ :** ਯਾਤਰਾ ਕਿਸੇ ਨਾ ਕਿਸੇ ਮੰਤਵ ਲਈ ਹੋਵੇ, ਪਰ ਇਸ ਦਾ ਮੰਤਵ ਸੈਰ-ਸਪਾਟਾ ਥਾਂ ਦੇ ਅੰਦਰੋਂ ਮੁਨਾਫਾ ਕਮਾਉਣਾ ਨਾ ਹੋਵੇ :

3) **ਠਹਿਰਾਓ ਦਾ ਸਮਾਂ :** ਸਿਰਫ਼ ਵੱਧ ਤੋਂ ਵੱਧ ਠਹਿਰਾਓ ਦਾ ਸਮਾਂ ਦੱਸਿਆ ਗਿਆ ਹੈ, ਘੱਟੋ ਘੱਟ ਸਮੇਂ ਦਾ ਜ਼ਿਕਰ ਨਹੀਂ ਕੀਤਾ ਗਿਆ। ਸੈਰ-ਸਪਾਟੇ ਲਈ ਥਾਂ ਬਦਲੀ ਦੀ ਘੱਟੋ -ਘੱਟ ਸੀਮਾਂ ਪੂਰੀ ਰਾਤ ਜਾਂ ਰਾਤ ਤੋਂ ਬਿਨਾਂ ਵੀ ਹੋ ਸਕਦੀ ਹੈ।

## 1.3 ਸੈਲਾਨੀ ਵਰਗ -:

ਜਿਵੇਂ ਕਿ ਪਿਛਲੇ ਅਧਿਆਏ ਵਿੱਚ ਦੱਸਿਆ ਗਿਆ ਹੈ, ਸੈਰ-ਸਪਾਟਾ ਸਮਾਜਿਕ - ਆਰਥਿਕ ਵਰਤਾਰਾ ਹੈ, ਇਸੇ ਲਈ ਇਹ ਮਹੱਤਵਪੂਰਨ ਹੈ । ਇਸ ਲਈ ਸੈਲਾਨੀਆਂ ਦੇ ਆਰਥਿਕ ਯੋਗਦਾਨ ਅਤੇ

ਸਮਾਜਕ ਪ੍ਰਭਾਵ ਨੂੰ ਸਮਝਣ ਲਈ ਉਹਨਾਂ ਦੀ ਪਹਿਚਾਣ ਕਰਨਾ ਮਹੱਤਵਪੂਰਨ ਹੈ। ਜਿਵੇਂ ਕਿ ਅਸੀਂ ਪਹਿਲੇ ਭਾਗ ਵਿੱਚ ਪੜ੍ਹ ਚੁੱਕੇ ਹਾਂ ਕਿ ਹਰੇਕ ਯਾਤਰਾ ਸੈਰ-ਸਪਾਟਾ ਨਹੀਂ ਹੋ ਸਕਦੀ ਭਾਵੇਂ ਕਿ ਹਰੇਕ ਯਾਤਰਾ ਵਿੱਚ ਵੀ ਸੈਰ-ਸਪਾਟੇ ਦਾ ਯੋਗਦਾਨ ਹੁੰਦਾ ਹੈ। ਇਸੇ ਪ੍ਰਕਾਰ ਦੀ ਅੰਤਰ- ਸੰਬੰਧਤਾ ਯਾਤਰੀਆਂ ਤੇ ਸੈਲਾਨੀਆਂ ਵਿੱਚ ਵੀ ਹੈ। ਹੇਠਾਂ ਦਿਤਾ ਗਿਆ 1.1 ਤੁਹਾਡੀ ਇਸ ਅੰਤਰ-ਸੰਬੰਧਤਾ ਨੂੰ ਸਮਝਣ ਵਿੱਚ ਮਦਦ ਕਰੇਗਾ।




**Source:** *Travel and Tourism Research Association*

**ਚਿੱਤਰ 1.1 ਸੈਲਾਨੀ ਵਰਗ**

ਉੱਪਰ ਦਿੱਤੇ ਗਏ ਚਿੱਤਰ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਹਰੇਕ ਸੈਲਾਨੀ ਯਾਤਰੀ ਹੁੰਦਾ ਹੈ ਅਤੇ ਉਸ ਦੇ ਠਹਿਰਾਓ ਦੀ ਲਬੰਾਈ ਤੇ ਮੰਤਵ ਤੋਂ ਹੀ ਪਤਾ ਲੱਗਦਾ ਹੈ ਕਿ ਉਹ ਯਾਤਰੀ ਸੈਲਾਨੀ ਹੈ ਜਾਂ ਮਹਿਜ਼ ਹਵਾਖੋਰੀ ਕਰਨ ਵਾਲ਼ਾ (ਇੱਕ ਦਿਨ ਦਾ ਯਾਤਰੀ) ਹੈ



1) ਸੈਲਾਨੀ ਅਰਥਾਤ ਆਰਜ਼ੀ ਯਾਤਰੀ ਸੈਰ-ਸਪਾਟਾ ਥਾਂ 'ਤੇ ਘੱਟੋ ਘੱਟ 24 ਘੰਟੇ ਠਹਿਰਦਾ ਹੈ ਪਰ ਉਹ ਇੱਕ ਸਾਲ ਤੋਂ ਵੱਧ ਨਹੀਂ ਠਹਿਰ ਸਕਦਾ। ਉਸ ਦੀ ਯਾਤਰਾ ਦਾ ਮੰਤਵ ਹੇਠ ਲਿਖੇ ਵਰਗਾਂ ਚੋਂ ਕਿਸੇ ਇੱਕ ਵਿੱਚ ਰੱਖਿਆ ਜਾ ਸਕਦਾ ਹੈ।

a) ਮਨੋਰੰਜਨ, ਛੁੱਟੀਆਂ ਬਿਤਾਉਣ, ਸਿਹਤ ਲਈ, ਪੜ੍ਹਾਈ

ਲਈ, ਧਾਰਮਿਕ ਮੰਤਵ ਤੇ ਖੇਡਾਂ ਆਦਿ

b) ਵਪਾਰ, ਪਰਿਵਾਰਕ, ਮਿਸ਼ਨ, ਮੀਟਿੰਗ।

2) ਇੱਕ ਦਿਨ ਦਾ ਯਾਤਰੀ / ਹਵਾਖੋਰੀ ਕਰਨ ਵਾਲ਼ਾ, ਅਰਥਾਤ ਆਰਜ਼ੀ ਯਾਤਰੀ ਕਿਸੇ ਵੀ ਦੇਸ ਵਿੱਚ 24 ਘੰਟੇ ਤੋਂ ਘੱਟ ਠਹਿਰਨ ਵਾਲ਼ਾ ਹੁੰਦਾ ਹੈ।

ਉਪੱਰ ਦਿੱਤੇ ਚਿੱਤਰ ਵਿੱਚ ਸਾਨੂੰ ਹੋਰ ਯਾਤਰੀਆਂ ਬਾਰੇ ਵੀ ਦੱਸਿਆ ਗਿਆ ਹੈ। ਹੋਰ ਯਾਤਰੀਆਂ ਵਿੱਚ ਪਾਰਗਮਨ ਕਰਨ ਵਾਲ਼ੇ, ਆਵਾਸੀ, ਸਮੁੰਦਰੀ ਜਹਾਜ਼ਾਂ 'ਚ ਸਫ਼ਰ ਕਰਨ ਵਾਲ਼ੇ, ਕਿਸੇ ਦੇਸ 'ਚ ਸ਼ਰਣ ਲੈਣ ਵਾਲ਼ੇ, ਸੈਨਿਕ ਆਦਿ ਆਉਂਦੇ ਹਨ। ਭਾਵੇਂ ਅਜਿਹੇ ਵਿਅਕਤੀ ਕਿਸੇ ਦੇਸ ਵਿੱਚ 24 ਘੰਟੇ ਤੋਂ ਵੱਧ ਠਹਿਰਦੇ ਹਨ ਪਰ ਉਹਨਾਂ ਨੂੰ ਸੈਲਾਨੀ ਨਹੀਂ ਕਿਹਾ ਜਾ ਸਕਦਾ ਕਿਉਂਕਿ ਉਹਨਾਂ ਦਾ ਮੰਤਵ ਸੈਰ-ਸਪਾਟੇ ਵਾਲ਼ਾ ਨਹੀਂ ਹੁੰਦਾ। ਆਓ, ਹੁਣ ਇਹ ਵੇਖੀਏ ਕਿ ਕੋਈ ਸੈਲਾਨੀ ਕਿਵੇਂ ਬਣਦਾ ਹੈ?

## ਅਭਿਆਸ : I

1. ਸੈਰ-ਸਪਾਟੈ ਤੋਂ ਤੁਸੀਂ ਕੀ ਸਮਝਦੇ ਹੋ?

___

___

___

2. ਸੈਲਾਨੀ ਤੇ ਇੱਕ ਦਿਨ ਦੇ ਯਾਤਰੀ ਵਿੱਚ ਕੀ ਫਰਕ ਹੈ?

___

___

___

## 1.4 ਸੈਰ-ਸਪਾਟੇ ਦਾ ਮੰਤਵ -:

ਅਸੀਂ ਇਤਿਹਾਸ 'ਚ ਪੜ੍ਹਿਆ ਹੈ ਕਿ ਮਨੁੱਖ ਆਦਿ ਕਾਲ ਤੋਂ ਹੀ ਯਾਤਰਾ ਕਰਦਾ ਰਿਹਾ ਹੈ। ਉਸ ਦੀ ਇਹ ਯਾਤਰਾ ਖਾਣੇ ਦੀ ਤਲਾਸ਼, ਸਿਰ ਦੀ ਛੱਤ ਲੱਭਣ ਲਈ, ਸੁਰੱਖਿਆ ਜਾਂ ਵਪਾਰ ਲਈ ਹੁੰਦੀ ਸੀ। ਯਾਤਰਾ ਦੀ ਇੱਛਾ, ਨਵੇਂ ਥਾਵਾਂ ਦੀ ਤਲਾਸ਼ ਸਾਡੇ ਵਿੱਚ ਹੁਣ ਵੀ ਹੈ ਪਰ ਹੁਣ ਇਸ ਦੇ ਮੰਤਵ ਬਦਲ ਗਏ ਹਨ। ਸੈਰ-ਸਪਾਟੇ ਦੇ ਮੰਤਵ ਦਾ ਇੱਥੇ ਇਹ ਅਰਥ ਹੈ, ਸੈਲਾਨੀ ਜਿਸ ਕਾਰਨ ਸੈਰ-ਸਪਾਟੇ ਲਈ ਨਿਕਲ਼ਦਾ ਹੈ ਉਹ ਕਾਰਨ ਕੀ ਹੈ , ਜੇ ਉਸ ਦਾ ਕੋਈ ਮੰਤਵ ਨਹੀਂ ਹੋਵੇਗਾ ਤਾਂ ਉਹ ਸੈਰ-ਸਪਾਟੇ ਲਈ ਨਹੀਂ ਨਿਕਲ਼ੇਗਾ। ਆਧੁਨਿਕ ਸਮੇਂ ਵਿੱਚ ਸੈਰ-ਸਪਾਟੇ ਦਾ ਮੰਤਵ ਹੇਠ ਲਿਖੀਆਂ ਸੁਰਖੀਆਂ 'ਚੋਂ ਕੋਈ ਇਕ ਹੋ ਸਕਦਾ ਹੈ।

1. ਮੌਜ ਮੇਲਾ – ਮਨੋਰੰਜਨ, ਛੁੱਟੀਆਂ ਬਿਤਾਉਣਾ, ਸਿਹਤ, ਅਧਿਐਨ, ਧਰਮ, ਤੇ ਖੇਡਾਂ ਆਦਿ।
2. ਵਪਾਰ, ਪਰਿਵਾਰ, ਮਿਸ਼ਨ, ਮੀਟਿੰਗ ਆਦਿ

**1. ਮੌਜ ਮੇਲਾ :** ਦਿਨ ਭਰ ਦੇ ਰੁਟੀਨ ਦੇ ਕੰਮਾਂ ਪਿੱਛੋਂ ਆਦਮੀ ਕੋਲ਼ ਕੁਝ ਵਿਹਲਾ ਸਮਾਂ ਹੁੰਦਾ ਹੈ। ਕੁਝ ਲੋਕ ਇਸ ਵਿਹਲ ਦੌਰਾਨ ਪੜ੍ਹ ਕੇ ਆਨੰਦ ਪ੍ਰਾਪਤ ਕਰਦੇ ਹਨ, ਕੁਝ ਡਾਂਸ ਆਦਿ ਵੇਖ ਕੇ ਆਨੰਦ ਲੈਂਦੇ ਹਨ ਤੇ ਕੁਝ ਪਦ-ਯਾਤਰਾ ਕਰਕੇ ਮੌਜ ਮੇਲਾ ਕਰਦੇ ਹਨ?

ਕੁਝ ਲੋਕ ਮੌਜ ਮੇਲੇ ਲਈ ਟੂਰ ਪ੍ਰੋਗਰਾਮ ਵੀ ਬਣਾ ਲੈਂਦੇ ਹਨ ਜਾਂ ਛੁਟੀਆਂ ਕੱਟਣ ਲਈ ਸੈਰ ਆਦਿ 'ਤੇ ਚਲੇ ਜਾਂਦੇ ਹਨ। ਇਹਨਾਂ ਟੂਰ ਪ੍ਰੋਗਰਾਮਾਂ ਦੇ ਮੰਤਵ ਸੈਰ ਸਪਾਟੇ ਵਾਲ਼ੀ ਥਾਂ ਦੇ ਅਨੁਸਾਰ ਹੁੰਦੇ ਹਨ। ਅਜਿਹੇ ਕੁਝ ਮੰਤਵ ਹੇਠਾਂ ਦਿੱਤੇ ਗਏ ਹਨ



Recreation Destination



Holiday Photography

I) <u>ਮਨੋਰੰਜਨ</u> - ਸਾਲਾਨਾ ਛੁੱਟੀਆਂ ਜਾਂ ਹਫਤਾਵਾਰੀ ਛੁੱਟੀਆਂ ਦੌਰਾਨ ਕੁਝ ਆਰਾਮ ਤੇ ਮੌਜ ਮੇਲਾ ਸੈਰ-ਸਪਾਟੇ ਦਾ ਮੁਢਲਾ ਮੰਤਵ ਹੈ। ਇਹ ਲੰਬੇ ਸਮੇਂ ਦਾ ਵੀ ਹੋ ਸਕਦਾ ਹੈ ਤੇ ਥੋੜ੍ਹੇ ਸਮੇਂ ਦਾ ਵੀ ਹੋ ਸਕਦਾ ਹੈ।

ii) <u>ਛੁੱਟੀਆਂ ਬਿਤਾਉਣਾ</u> : ਕਈ ਸੈਰ-ਸਪਾਟਾ ਥਾਂਵਾਂ ਸਾਨੂੰ ਛੁੱਟੀਆਂ ਬਿਤਾਉਣ ਲਈ ਵੀ ਆਕਰਸ਼ਿਤ ਕਰਦੀਆਂ ਹਨ। ਇਹ ਵੀ ਸੰਭਵ ਹੈ ਉਹ ਸੈਰ-ਸਪਾਟਾ ਸਾਨੂੰ ਕੋਈ ਵਿਸ਼ੇਸ਼ ਗਤੀਵਿਧੀ ਲਈ ਵੀ ਖਿੱਚ ਪਾਵੇ ਜਿਵੇਂ ਕਿ ਨੱਕ ਤੋਂ ਸਾਹ ਲੈਣ ਵਾਲ਼ੀ ਪਾਈਪ ਲਾ ਕੇ ਸਮੁੰਦਰ 'ਚ ਗੋਤਾ ਲਾ ਕੇ ਮੂੰਗੇ ਲੱਭਣਾ ਤੇ ਉਹਨਾਂ ਦੀ ਸੁੰਦਰਤਾ ਨੂੰ ਮਾਨਣਾ, ਕਿਸੇ ਸਮਾਰਕ ਦੀ ਮਹੱਤਤਵਾ 'ਤੇ ਆਕਰਸ਼ਣ ਕਾਰਨ ਉਸ ਨੂੰ ਵੇਖਣ ਜਾਣਾ। ਕਿਸੇ ਪਸ਼ੂ, ਜਾਨਵਰ ਜਾਂ ਵਿਲੱਖਣ ਪੌਦਿਆਂ ਆਦਿ ਕਾਰਨ ਖਿੱਚੇ ਜਾਣਾ। ਅਜਿਹੇ ਸੈਰ-ਸਪਾਟਾ ਸਥਾਨ ਸੈਲਾਨੀਆਂ ਨੂੰ ਵਿਸ਼ੇਸ਼ ਖਿੱਚ ਪਾਉਂਦੇ ਹਨ।

iii) ਸਿਹਤ : ਸਿਹਤ ਨੂੰ ਅਰੋਗ ਰੱਖਣ ਲਈ ਡਾਕਟਰ ਕਈ ਮਰੀਜ਼ਾਂ ਨੂੰ ਹਵਾ ਪਾਣੀ ਬਦਲਣ ਦੀ ਸਲਾਹ ਦੇ ਦਿੰਦੇ ਹਨ ਜਿਸ ਕਾਰਨ ਲੋਕ ਆਪਣੇ ਨਿਵਾਸ ਤੋਂ ਦੂਰ ਸੈਰ-ਸਪਾਟੇ ਲਈ ਚਲੇ ਜਾਂਦੇ ਹਨ । ਸਿਰਫ਼ ਆਪਣੇ ਦੇਸ਼ ਵਿੱਚ ਹੀ ਨਹੀਂ ਕਈ ਲੋਕ ਆਪਣੇ ਆਪ ਨੂੰ ਨਿਰੋਗ ਰੱਖਣ ਲਈ ਵਿਦੇਸ਼ਾਂ ਵਿੱਚ ਵੀ ਚਲੇ ਜਾਂਦੇ ਹਨ। ਇਸ ਪ੍ਰਕਾਰ ਇਹ ਵੀ ਸੈਰ-ਸਪਾਟੇ ਦਾ ਮੰਤਵ ਬਣਦਾ ਹੈ।

iv) ਵਿੱਦਿਆ : ਪੜ੍ਹਾਈ ਵਿਸ਼ੇਸ਼ ਕਰਕੇ ਉਚੇਰੀ ਪੜ੍ਹਾਈ ਵੀ ਵਿਦਿਆਰਥੀਆਂ ਨੂੰ ਆਪਣੇ ਨਿਵਾਸ ਤੋਂ ਦੂਰ ਕਿਸੇ ਹੋਰ ਸ਼ਹਿਰ ਜਾਣ ਲਈ ਮਜਬੂਰ ਕਰਦੀ ਹੈ। ਕਈ ਵਾਰੀ ਵਿਦਿਆਰਥੀਆਂ ਨੂੰ ਉਸ ਸ਼ਹਿਰ ਵਿੱਚ ਇੱਕ ਸਾਲ ਤੋਂ ਵੱਧ ਵੀ ਰਹਿਣਾ ਪੈਂਦਾ ਹੈ ਫਿਰ ਵੀ ਇਸ ਨੂੰ ਵਿੱਦਿਅਕ ਸੈਰ- ਸਪਾਟਾ ਕਿਹਾ ਜਾਂਦਾ ਹੈ। ਕਿਉਂਕਿ ਇਹ ਗਤੀਵਿਧੀ ਯਾਤਰਾ ਵਾਲ਼ੀ ਥਾਂ ਵਿਚੋਂ ਕੋਈ ਵਿੱਤੀ ਲਾਭ ਕਮਾਉਣ ਦੀ ਨਹੀਂ ਹੁੰਦੀ।

v) ਧਾਰਮਿਕ ਮੰਤਵ : ਆਪਣੇ ਧਾਰਮਿਕ ਵਿਸ਼ਵਾਸ ਲਈ ਸੈਰ-ਸਪਾਟਾ ਸਭ ਤੋਂ ਪੁਰਾਣਾ ਮੰਤਵ ਹੈ। ਲੋਕ, ਤੀਰਥ ਯਾਤਰਾ ਲਈ ਸਫਰ ਕਰਦੇ ਹਨ ਜਿਵੇਂ ਕਿ ਹੱਜ, ਚਾਰ ਧਾਮ ਯਾਤਰਾ, ਕੁਝ ਲੋਕ ਦੇਵੀਆਂ ਆਦਿ ਦੇ ਮੰਦਰਾਂ 'ਚ ਸੁੱਖਣਾ ਸੁੱਖਣ ਲਈ ਵੀ ਯਾਤਰਾ ਕਰਦੇ ਹਨ। ਕਈ ਲੋਕ ਧਾਰਮਿਕ ਸਮਾਰੋਹਾਂ ਲਈ ਵੀ ਯਾਤਰਾ ਕਰਦੇ ਹਨ ਜਿਵੇਂ ਕਿ ਕੁੰਭ ਦਾ ਮੇਲਾ ਆਦਿ।



Haj – Religious



Educational Tourism



Sports Tourism

vi) **ਖੇਡਾਂ :** ਖੇਡ ਸਮਾਰੋਹ ਵਿਸ਼ਵ ਭਰ ਤੋਂ ਖੇਡ ਪ੍ਰਸ਼ੰਸਕਾਂ ਨੂੰ ਯਾਤਰਾ ਲਈ ਪ੍ਰੇਰਿਤ ਕਰਦੇ ਹਨ। ਵਿਸ਼ੇਸ਼ ਕਰ ਕੇ ਕੌਮਾਂਤਰੀ ਖੇਡਾਂ ਜਿਵੇਂ ਕਿ ਕ੍ਰਿਕਟ ਵਿਸ਼ਵ ਕੱਪ, ਓਲੰਪਿਕ ਖੇਡਾਂ ਆਦਿ। ਅਜਿਹੀਆਂ ਖੇਡਾਂ ਵਿੱਚ ਵੱਡੀ, ਗਿਣਤੀ 'ਚ ਸੈਲਾਨੀ ਤੇ ਉਹਨਾਂ ਦੇ ਪਰਵਾਰਿਕ ਮੈਂਬਰ ਸ਼ਾਮਲ ਹੁੰਦੇ ਹਨ ; ਇਹਨਾਂ ਵਿੱਚ ਖੇਡਾਂ 'ਚ ਹਿੱਸਾ ਲੈਣ ਵਾਲ਼ੇ ਉਹਨਾਂ ਦੇ ਪਰਵਾਰ ਤੇ ਦਰਸ਼ਕ ਵੀ ਹੁੰਦੇ ਹਨ। ਕੌਮਾਂਤਰੀ ਖੇਡ ਪ੍ਰੋਗਰਾਮਾਂ ਦੀ ਇਸ ਭੀੜ ਨੂੰ ਕਈ ਵਾਰ ਸੰਭਾਲਨਾ ਵੀ ਔਖਾ ਹੋ ਜਾਂਦਾ ਹੈ।

2. **ਵਪਾਰ, ਮੀਟਿੰਗਾਂ ਆਦਿ :** ਸਿਰਫ ਮੌਜ-ਮੇਲੇ ਲਈ ਹੀ ਲੋਕ ਸੈਰ-ਸਪਾਟਾ ਨਹੀਂ ਕਰਦੇ। ਕਈ ਵਾਰ ਲੋਕ ਹੋਰ ਮੰਤਵਾਂ ਲਈ ਵੀ ਸੈਰ ਸਪਾਟਾ ਕਰਦੇ ਹਨ। ਅਜਿਹੇ ਕੁਝ ਮੰਤਵ ਹੇਠਾਂ ਦਿੱਤੇ ਗਏ ਹਨ:



I) **ਵਪਾਰ -** ਵਪਾਰੀ ਲੋਕਾਂ ਨੂੰ ਕੋਈ ਚੀਜ਼ ਖਰੀਦਣ ਜਾਂ ਵੇਚਣ ਲਈ ਸੈਰ ਸਪਾਟੇ ਤੇ ਜਾਣਾ ਪੈਂਦਾ ਹੈ।

ii) **ਮੀਟਿੰਗ :** ਕਈ ਵਪਾਰੀਆਂ ਨੂੰ ਆਪਣੇ ਗਾਹਕਾਂ ਨਾਲ਼ ਮੀਟਿੰਗਾਂ ਕਰਨ ਲਈ ਦੇਸ ਵਿਚਲੇ ਕੁਝ ਸ਼ਹਿਰਾਂ ਜਾਂ ਕਈ ਵਾਰ ਵਿਦੇਸ਼ਾਂ ਦੀ ਵੀ ਯਾਤਰਾ ਕਰਨੀ ਪੈਂਦੀ ਹੈ।

iii) **ਪਰਵਾਰਕ ਸਮਾਰੋਹ :** ਪਰਵਾਰ ਜਾਂ ਨੇੜੇ ਦੇ ਰਿਸ਼ਤੇਦਾਰਾਂ ਦੇ ਜਨਮ, ਵਿਆਹ ਤੇ ਕਈ ਵਾਰ ਸਸਕਾਰ ਆਦਿ ਲਈ ਵੀ ਸਾਨੂੰ ਯਾਤਰਾ ਕਰਨੀ ਪੈਂਦੀ ਹੈ। ਅਜਿਹੀਆਂ ਯਾਤਰਾਵਾਂ ਲਈ ਵਰਤੀ ਜਾਂਦੀ ਤਕਨੀਕੀ ਸ਼ਬਦਾਵਲੀ ਹੈ- VFR ਅਰਥਾਤ ਮਿੱਤਰਾਂ ਅਤੇ


ਰਿਸ਼ਤੇਦਾਰੀ ਵਿੱਚ ਕੀਤੀ ਯਾਤਰਾ।

ਤੁਹਾਨੂੰ ਸੈਰ-ਸਪਾਟੇ ਦੇ ਮੰਤਵਾਂ ਬਾਰੇ ਭਲੀ-ਭਾਂਤ ਪਤਾ ਲੱਗ ਗਿਆ ਹੋਵੇਗਾ। ਆਓ ਹੁਣ ਇਹ ਵਿਚਾਰ ਕਰੀਏ ਕਿ ਸੈਰ-ਸਪਾਟੇ ਵਿੱਚ ਹੋਰ ਕੀ ਕੁਝ ਹੁੰਦਾ ਹੈ ਅਤੇ ਕੀ ਕੁਝ ਇਸ ਦੇ ਵਿਕਾਸ ਵਿੱਚ ਸਹਾਈ ਹੁੰਦਾ ਹੈ।


## 1.5 ਸੈਰ-ਸਪਾਟੇ ਦੇ ਅੰਗ -:

ਸੈਰ-ਸਪਾਟੇ ਦੇ ਅੰਗ ਉਹ ਹੁੰਦੇ ਹਨ ਜਿਨ੍ਹਾਂ ਨਾਲ ਸੈਰ-ਸਪਾਟਾ ਸਨਅਤ ਕੰਮ ਕਰਦੀ ਹੈ। ਯਾਦ ਰਹੇ ਕਿ ਇਨ੍ਹਾਂ ਅੰਗਾਂ ਤੋਂ ਬਿਨਾਂ ਸੈਰ ਸਪਾਟਾ ਸਨਅਤ ਚਲ ਹੀ ਨਹੀਂ ਸਕਦੀ ਅਸਫਲ ਹੋ ਜਾਵੇਗੀ; ਆਮ ਵਿਅਕਤੀ ਦੀ ਭਾਸ਼ਾ 'ਚ ਅੰਗਾਂ ਦਾ ਮਤਲਬ ਉਹ ਸਾਰਾ ਮੈਕੇਨਿਜਮ ਹੈ ਜਿਸ ਦੀ ਮਦਦ ਨਾਲ ਸੈਰ ਸਪਾਟਾ ਸਨਅਤ ਦੇ ਅੰਗਾਂ ਨੂੰ ਆਮ ਤੌਰ ਤੇ ਸੈਰ ਸਪਾਟੇ ਦੇ A's, ਅਤੇ ਕਈ ਵਾਰ 4 A's ਵੀ ਕਹਿ ਦਿਤਾ ਜਾਂਦਾ ਹੈ।

**1. ਆਕਰਸ਼ਣ:** ਸੈਰ ਸਪਾਟਾ ਥਾਂ ਦਾ ਆਕਰਸ਼ਣ ਜੋ ਸੈਲਾਨੀਆਂ ਨੂੰ ਉਸ ਥਾਂ ਵੱਲ ਖਿਚਦਾ ਹੈ। ਇਸ ਨੂੰ ਆਮ ਤੌਰ 'ਤੇ ਸੈਲਾਨੀ ਦਾ ਆਕਰਸ਼ਣ ਕਿਹਾ ਜਾਂਦਾ ਹੈ। ਇਹ ਆਕਰਸ਼ਣ ਕੁਦਰਤੀ ਵੀ ਹੋ ਸਕਦਾ ਹੈ ਜਿਵੇਂ ਕਿ ਨੈਸ਼ਨਲ ਪਾਰਕ, ਕੋਈ ਇਤਿਹਾਸਕ ਸਮਾਰਕ, ਥੀਮ ਪਾਰਕ, ਸੈਰ ਸਪਾਟਾ ਥਾਂ ਦਾ ਵਾਯੂਮੰਡਲ ਤੇ ਭੂਗੋਲਕ ਸਥਿਤੀ ਜਿਵੇਂ ਕਿ ਹਿਲ ਸਟੇਸ਼ਨ ਅਤੇ ਕੋਈ ਘਟਨਾ ਜਿਵੇਂ ਕਿ ਕਾਨਜ਼ ਫਿਲਮ ਫੈਸਟੀਵਲ। ਸੈਰ ਸਪਾਟਾ ਥਾਂ ਦਾ ਆਕਰਸ਼ਣ ਸੈਲਾਨੀਆਂ ਦੀ ਉਸ ਪ੍ਰਤੀ ਲੋਕ- ਪ੍ਰਿਅਤਾ ਦੀ ਪੁਸ਼ਟੀ ਕਰਦਾ ਹੈ।



Taj Mahal – Attraction



Bridge – Accessibility

2. **ਪਹੁੰਚ :** ਸੈਰ-ਸਪਾਟਾ ਥਾਂ ਪਹਾੜੀ ਦੀ ਸਿਖਰ 'ਤੇ ਵੀ ਹੋ ਸਕਦੀ ਹੈ। ਪੁਰਾਤਨ ਸਮਾਰਕਾਂ ਤੇ ਖੰਡਰਾਤ ਦਾ ਖ਼ੁਸ਼ਗਵਾਰ ਵਾਤਾਵਰਨ ।ਸੈਰ-ਸਪਾਟਾ ਥਾਂ ਕੋਈ ਝਰਨਾ ਵੀ ਹੋ ਸਕਦਾ ਹੈ ਪਰ ਜੇ ਉਸ ਥਾਂ ਤੱਕ ਪਹੁੰਚ ਆਸਾਨ ਨਾ ਹੋਵੇ ਤਾਂ ਉਹ ਸੈਲਾਨੀਆਂ ਨੂੰ ਨਹੀਂ ਖਿੱਚ ਸਕਣਗੇ ਕਿਉਂਕਿ ਉਹਨਾਂ ਤੱਕ ਸੜਕੀ, ਰੇਲਵੇ ਤੇ ਹਵਾਈ ਸੇਵਾ ਰਾਹੀਂ ਪਹੁੰਚਿਆ ਨਹੀਂ ਜਾ ਸਕੇਗਾ। ਇਸ ਦਾ ਅਰਥ ਇਹ ਹੋਇਆ ਕਿ ਭਾਵੇਂ ਸੈਰ-ਸਪਾਟਾ ਥਾਂ ਵਿੱਚ ਆਕਰਸ਼ਣ ਵੀ ਹੋਵੇ, ਪਰ ਉਸ ਤੱਕ ਪਹੁੰਚ ਅਸੰਭਵ ਹੋਵੇ ਉ ਸੈਲਾਨੀਆਂ ਨੂੰ ਖਿੱਚ ਨਹੀਂ ਸਕੇਗਾ। ਦੂਸਰੇ ਸ਼ਬਦਾਂ ਵਿੱਚ ਜਿਸ ਥਾਂ ਤਕ ਪਹੁੰਚਣਾ ਸੰਭਵ ਨਹੀਂ ਹੋਵੇਗਾ ਉਹ ਲੋਕਪ੍ਰਿਆ ਨਹੀਂ ਹੋ ਸਕੇਗੀ। ਸੈਰ-ਸਪਾਟਾ ਥਾਂ ਦਾ ਆਕਰਸ਼ਣ ਤੇ ਉਸ ਤੱਕ ਪਹੁੰਚਣਾ ਸੰਭਵ ਹੋਵੇਗਾ ਤਾਂ ਹੀ ਉਹ ਸੈਲਾਨੀਆਂ ਲਈ ਲੋਕਪ੍ਰਿਆ ਹੋਵੇਗੀ।

3. **ਠਹਿਰਨ ਦੀ ਸਹੂਲਤ :** ਇਸ ਦਾ ਅਰਥ ਹੈ ਕਿ ਸੈਰ-ਸਪਾਟਾ ਥਾਂ 'ਤੇ ਸੈਲਾਨੀਆਂ ਦੇ ਠਹਿਰਨ ਤੇ ਆਰਾਮ ਕਰਨ ਦੀ ਸਹੂਲਤ ਵੀ ਹੋਵੇ। ਠਹਿਰਨ ਦੀ ਸਹੂਲਤ ਸੈਰ-ਸਪਾਟਾ ਵਪਾਰ ਦਾ ਇੱਕ ਹੋਰ ਮੱਹਤਵਪੂਰਨ ਅੰਗ ਹੈ। ਕਿਉਂਕਿ ਸੈਲਾਨੀ ਸੈਰ-ਸਪਾਟਾ ਥਾਂ 'ਤੇ ਠਹਿਰਨ ਤੇ ਖਾਣੇ ਆਦਿ ਦੇ ਪ੍ਰਬੰਧ ਨੂੰ ਵੇਖ ਕੇ ਹੀ ਉਸ ਥਾਂ 'ਤੇ ਆਉਣਗੇ। ਸੈਰ-ਸਪਾਟੇ ਨੂੰ ਉਤਸ਼ਾਹਤ ਕਰਨ ਲਈ ਸੈਰ-ਸਪਾਟਾ ਥਾਂ 'ਤੇ ਸੈਲਾਨੀਆਂ ਦੇ ਠਹਿਰਨ ਤੇ ਬੋਰਡਿੰਗ ਲਾਜਿੰਗ ਦਾ ਪ੍ਰਬੰਧ ਹੋਣਾ ਵੀ ਜ਼ਰੂਰੀ ਹੈ। ਸੈਰ-ਸਪਾਟਾ ਥਾਂ ਦਾ ਆਕਰਸ਼ਣ ਤੇ ਸੰਭਵ ਪਹੁੰਚ ਸੈਲਾਨੀਆਂ ਨੂੰ ਖਿੱਚ ਤਾਂ ਲੈਣਗੀਆਂ, ਪਰ ਸੈਲਾਨੀਆਂ ਨੇ ਖਾਣੇ, ਖਰੀਦਦਾਰੀ, ਤੇ ਰਾਤ ਨੂੰ ਠਹਿਰਨਾ ਵੀ ਹੁੰਦਾ ਹੈ। ਜੇ ਇਹ ਸਹੂਲਤਾਂ ਹੋਣਗੀਆਂ ਉਸ ਨਾਲ ਸੈਰ-ਸਪਾਟਾ ਥਾਂ ਦਾ ਵਿੱਤੀ ਲਾਭ ਵੀ ਹੋਵੇਗਾ।



Hotel – Accommodation


Medical Services – Amenities

4. **ਹੋਰ ਸਹੂਲਤਾਂ :** ਸੈਲਾਨੀਆਂ ਲਈ ਕੁਝ ਹੋਰ ਮੁਢਲੀਆਂ ਸਹੂਲਤਾਂ ਵੀ ਉਪਲਬਧ ਕਰਾਉਣੀਆਂ ਜ਼ਰੂਰੀ ਹਨ ਜਿਵੇਂ ਕਿ ਡਾਕਟਰੀ ਸਹਾਇਤਾ ਵਿਦੇਸੀ ਕਰੰਸੀ ਦਾ ਤਬਾਦਲਾ, ਸੁਰੱਖਿਆ, ਸੰਚਾਰ ਸਹੂਲਤ ਆਦਿ। ਇਹ ਸਹੂਲਤਾਂ ਉਪਲਬਧ ਕਰਵਾਉਣ ਨਾਲ਼ ਸੈਲਾਨੀ ਸੈਰ- ਸਪਾਟਾ ਥਾਂ ਦੇ ਨਵੇਂ ਵਾਤਾਵਰਣ ਵਿੱਚ ਖੁਸ਼ ਮਹਿਸੂਸ ਕਰਨਗੇ। ਇਸ ਪ੍ਰਕਾਰ ਇਹ ਸਹੂਲਤਾਂ ਦੇਣ ਨਾਲ਼ ਸੈਲਾਨੀਆਂ ਦੀ ਉਸ ਥਾਂ ਵਿਚ ਲੋਕਪ੍ਰਿਅਤਾ ਵਧੇਗੀ।

ਉੱਪਰ ਵਰਣਿਤ ਸੈਰ-ਸਪਾਟਾ ਸਨਅਤ ਦੇ ਅੰਗਾਂ ਬਾਰੇ ਵਧੇਰੇ ਜਾਣਕਾਰੀ ਵਡੇਰੀਆਂ ਸ਼੍ਰੇਣੀਆਂ ਵਿੱਚ ਦਿੱਤੀ ਜਾਵੇਗੀ।

## 1.7 ਸੈਰ-ਸਪਾਟੇ ਦੀਆਂ ਕਿਸਮਾਂ-:

ਪਹਿਲੇ ਸੈਕਸ਼ਨ 'ਚ ਤੁਸੀਂ ਪੜ੍ਹ ਚੁੱਕੇ ਹੋ ਕਿ ਸੈਰ-ਸਪਾਟਾ ਗਤੀਵਿਧੀ ਅਜਿਹੀ ਗਤੀਵਿਧੀ ਹੈ ਜਿਸ ਵਿੱਚ ਵੱਡੀ ਗਿਣਤੀ 'ਚ ਲੋਕਾਂ ਦੀ ਅਮਨਪੂਰਬਕ ਗਤੀਸ਼ੀਲਤਾ ਵੇਖੀ ਜਾ ਸਕਦੀ ਹੈ। ਇਹ ਵਡੇਰੀ ਗਤੀਵਿਧੀ ਕੌਮੀ ਸਰਹੱਦਾਂ ਵਿਚਕਾਰ ਅਤੇ ਕੌਮਾਂਤਰੀ ਸਰਹੱਦਾਂ ਤੱਕ ਵੀ ਚੱਲਦੀ ਰਹਿੰਦੀ ਹੈ। 2008 ਦੀਆਂ ਇੰਟਰਨੈਸ਼ਨਲ ਰਿਕਮੈਂਡੇਸ਼ਨਜ਼ ਫਾਰ ਟੂਰਿਜ਼ਮ ਸਟੈਟਿਸਟਿਕਸ (IRTS 2008) ਜੋ UNWTO ਵੱਲੋਂ ਤਿਆਰ ਕੀਤੀਆਂ ਗਈਆਂ, ਸੈਰ-ਸਪਾਟੇ ਦੀਆਂ ਤਿੰਨ ਮੁੱਖ ਕਿਸਮਾਂ ਹਨ :

1. **ਡੋਮੈਸਿਟਿਕ ਟੂਰਿਜ਼ਮ :** ਜਦੋਂ ਕੋਈ ਵਿਅਕਤੀ ਆਪਣੇ ਦੇਸ ਦੇ ਅੰਦਰ-ਅੰਦਰ ਸੈਰ- ਸਪਾਟਾ ਕਰਦਾ ਹੈ।
2. **ਇਨਬਾਊਂਡ ਟੂਰਿਜ਼ਮ :** ਜਦੋਂ ਕੋਈ ਵਿਦੇਸੀ ਕਿਸੇ ਦੇਸ ਦੇ ਅੰਦਰ-ਅੰਦਰ ਸੈਰ-ਸਪਾਟਾ ਕਰਦਾ ਹੈ।
3. **ਆਊਟਬਾਊਂਡ ਟੂਰਿਜ਼ਮ :** ਜਦੋਂ ਕੋਈ ਵਿਅਕਤੀ ਕਿਸੇ ਹੋਰ ਦੇਸ਼ ਦੀਆਂ ਸਰਹੱਦਾਂ ਦੇ ਅੰਦਰ-ਅੰਦਰ ਸੈਰ-ਸਪਾਟਾ ਕਰਦਾ ਹੈ।

ਉੱਪਰ ਲਿਖੇ ਤੋਂ ਸਪਸ਼ਟ ਹੋ ਗਿਆ ਹੈ ਕਿ ਜਦੋਂ ਅਸੀਂ ਭਾਰਤੀ ਵਜੋਂ ਦੇਸ਼ ਦੇ ਅੰਦਰ-ਅੰਦਰ ਸੈਰ-ਸਪਾਟਾ ਕਰਦੇ ਹਾਂ, ਛੁੱਟੀਆਂ ਬਿਤਾਉਣ ਲਈ ਸੈਰ 'ਤੇ ਜਾਂਦੇ ਹਾਂ ਤਾਂ ਅਸੀਂ ਘਰੇਲੂ (ਡੋਮੈਸਟਿਕ) ਸੈਰ

ਘਰੇਲੂ ਸੈਲਾਨੀ ਹੁੰਦੇ ਹਾਂ। ਭਾਰਤੀ ਵਜੋਂ ਜੇ ਅਸੀਂ ਕਿਸੇ ਹੋਰ ਦੇਸ ਵਿੱਚ ਜਾਂਦੇ ਹਾਂ ਤਾਂ ਇਹ ਸਾਡਾ ਆਉਟਬਾਊਂਡ ਸੈਰ-ਸਪਾਟਾ ਹੁੰਦਾ ਹੈ। ਮਿਸਾਲ ਦੇ ਤੌਰ 'ਤੇ ਅਸੀਂ ਮੁੰਬਈ ਦੇ ਰਹਿਣ ਵਾਲ਼ੇ ਹਾਂ ਅਤੇ ਨਿਊਯਾਰਕ ਜਾਂਦੇ ਹਾਂ ਇਹ ਭਾਰਤ ਦਾ ਆਊਟ ਬਾਊਂਡ ਸੈਰ- ਸਪਾਟਾ ਹੋਵੇਗਾ ਤੇ ਸਾਨੂੰ ਆਊਟਬਾਊਂਡ ਸੈਲਾਨੀ ਕਿਹਾ ਜਾਵੇਗਾ।

ਜੋ ਕੋਈ ਵਿਦੇਸੀ ਭਾਰਤ ਦੀ ਯਾਤਰਾ 'ਤੇ ਆਉਂਦਾ ਹੈ ਤਾਂ ਉਸ ਦੀ ਇਹ ਯਾਤਰਾ ਭਾਰਤ ਲਈ ਇਨਬਾਊਂਡ ਸੈਰ-ਸਪਾਟਾ ਹੋਵੇਗੀ। ਮਿਸਾਲ ਦੇ ਤੌਰ 'ਤੇ ਮੈਲਬੋਰਨ ਦਾ ਵਸਨੀਕ ਜੇ ਬੰਗਲੌਰ ਆਵੇਗਾ ਤਾਂ ਉਹ ਭਾਰਤ ਲਈ ਇਨਬਾਊਂਡ ਸੈਰ-ਸਪਾਟਾ ਕਰ ਰਿਹਾ ਹੋਵੇਗਾ 'ਤੇ ਉਸ ਨੂੰ ਇਨਬਾਊਂਡ ਟੂਰਿਸਟ ਕਿਹਾ ਜਾਵੇਗਾ।

ਇਸੇ ਪ੍ਰਕਾਰ ਅਸੀਂ ਇਹ ਵੇਖਦੇ ਹਾਂ ਕਿ ਭਾਰਤ ਲਈ ਇਨਬਾਊਂਡ ਸੈਲਾਨੀ ਆਪਣੇ ਜਨਮ ਵਾਲ਼ੇ ਦੇਸ ਦਾ ਆਊਟਬਾਊਂਡ ਸੈਲਾਨੀ ਵੀ ਹੋਵੇਗਾ। ਇਸੇ ਤਰ੍ਹਾਂ ਭਾਰਤ ਦਾ ਆਊਟਬਾਊਂਡ ਸੈਲਾਨੀ ਜਿਸ ਦੇਸ ਦੀ ਯਾਤਰਾ 'ਤੇ ਜਾਵੇਗਾ ਉਹ ਉਸ ਦੇਸ ਦਾ ਇਨਬਾਊਂਡ ਸੈਲਾਨੀ ਹੋਵੇਗਾ।

## ਅਭਿਆਸ 2

1. ਵੀ.ਐਫ.ਆਰ. ਤੋਂ ਤੁਸੀ. ਕੀ ਸਮਝਦੇ ਹੋ?

______________________________

______________________________

2. ਸੈਰ-ਸਪਾਟੇ ਦੀਆਂ A's ਕੀ ਹੁੰਦੀਆਂ ਹਨ?

______________________________

______________________________

3. ਇਨਬਾਊਂਡ ਅਤੇ ਆਊਟਬਾਊਂਡ ਸੈਲਾਨੀ ਵਿਚਲਾ ਫਰਕ ਦੱਸੋ?

______________________________

______________________________

## 1.8 ਸਾਰ

ਇਸ ਯੂਨਿਟ ਵਿੱਚ ਸਾਨੂੰ ਸੈਰ-ਸਪਾਟਾ ਸਨਅਤ ਬਾਰੇ ਜਾਣੂ ਕਰਵਾਇਆ ਗਿਆ ਹੈ। ਅਸੀਂ ਇਹ ਪੜ੍ਹ ਲਿਆ ਹੈ ਕਿ ਸੈਰ-ਸਪਾਟੇ ਦੀ ਪਰਿਭਾਸ਼ਾ ਕੀ ਹੈ? ਇਹ ਵੀ ਜਾਣ ਲਿਆ ਹੈ ਕਿ ਸੈਲਾਨੀ ਤੇ ਇੱਕ ਦਿਨ ਦਾ ਯਾਤਰੀ ਕਿਵੇਂ ਪਛਾਣੇ ਜਾਂਦੇ ਹਨ। ਸਾਨੂੰ ਇਹ ਵੀ ਦੱਸਿਆ ਗਿਆ ਹੈ ਕਿ ਸੈਲਾਨੀ ਤੇ ਯਾਤਰੀ ਵਿੱਚ ਕੀ ਫਰਕ ਹੁੰਦਾ ਹੈ। ਸੈਰ ਸਪਾਟੇ ਦੇ ਅੰਗਾਂ - ਜਿਨ੍ਹਾਂ ਨੂੰ ਸਾਧਾਰਨ ਸ਼ਬਦਾਂ ਵਿੱਚ ਸੈਰ-ਸਪਾਟੇ ਦੇ 'A's ਕਿਹਾ ਜਾਂਦਾ ਹੈ ਬਾਰੇ ਵੀ ਅਸੀਂ ਪੜ੍ਹ ਚੁੱਕੇ ਹਾਂ। ਸਾਨੂੰ ਇਹ ਵੀ ਦੱਸਿਆ ਗਿਆ ਹੈਕਿ ਸੈਰ-ਸਪਾਟੇ ਦੀਆਂ ਕਿਹੜੀਆਂ-ਕਿਹੜੀਆਂ ਕਿਸਮਾਂ ਹਨ। ਘਰੇਲੂ ਸੈਰ- ਸਪਾਟਾ, ਇਨਬਾਊਂਡ ਤੋਂ ਆਊਟਬਾਊਂਡ ਸੈਰ-ਸਪਾਟਾ, ਇਨਬਾਉਂਡ ਤੇ ਆਊਟਬਾਊਂਡ ਸੈਲਾਨੀ ਕਿਹੜੇ ਹੁੰਦੇ ਹਨ। ਇਸ ਯੂਨਿਟ ਵਿੱਚ ਸੈਰ-ਸਪਾਟੇ ਦੀ ਦੁਨੀਆਂ ਬਾਰੇ ਸਿਰਫ ਸੰਕੇਤ ਮਾਤਰ ਹੀ ਦੱਸਿਆ ਗਿਆ ਹੈ ਪਰ ਇਹ ਸੈਰ-ਸਪਾਟੇ ਦੇ ਖੇਤਰ ਦੇ ਤੌਰ ਅਧਿਐਨ ਲਈ ਤੁਹਾਡੇ ਲਈ ਆਧਾਰ ਬਣੇਗਾ।

# ਯੂਨਿਟ - 2 ਸੈਰ-ਸਪਾਟਾ ਉਤਪਾਦ

2.0 ਯੂਨਿਟ 'ਤੇ ਸਰਸਰੀ ਨਜ਼ਰ

2.1 ਜਾਣਕਾਰੀ

2.2 ਸੈਰ-ਸਪਾਟੇ ਤੇ ਸ੍ਰੋਤ

2.3 ਸੈਰ-ਸਪਾਟਾ ਸ੍ਰੋਤਾਂ ਦੀਆਂ ਕਿਸਮਾਂ

2.4 ਸੈਰ-ਸਪਾਟਾ ਉਤਪਾਦ

2.5 ਸੈਰ-ਸਪਾਟਾ ਥਾਂਵਾਂ ਦੀਆਂ ਵਿਸ਼ੇਸ਼ਤਾਵਾਂ

2.6 ਸੈਰ-ਸਪਾਟਾ ਉਤਪਾਦ ਦੇ ਸੈਰ-ਸਪਾਟਾ ਸ੍ਰੋਤ

2.7 ਸੈਰ-ਸਪਾਟਾ ਉਤਪਾਦ ਦਾ ਵਰਗੀਕਰਨ

2.8 ਸੈਰ-ਸਪਾਟਾ ਉਤਪਾਦ ਦੀ ਸੁਰੱਖਿਆ

2.9 ਸਾਰ

## 2.0 ਯੂਨਿਟ 'ਤੇ ਸਰਸਰੀ ਨਜ਼ਰ-:

ਇਸ ਯੂਨਿਟ ਵਿੱਚ ਵਿਦਿਆਰਥੀਆਂ ਨੂੰ ਦੱਸਿਆ ਗਿਆ ਹੈ ਸੈਰ-ਸਪਾਟੇ ਦੇ ਸ੍ਰੋਤ ਤੇ ਸੈਰ- ਸਪਾਟਾ ਉਤਪਾਦ ਕਿਹੜੇ-ਕਿਹੜੇ ਹਨ। ਇਹ ਯੂਨਿਟ ਵਿਦਿਆਰਥੀਆਂ ਦੀ ਇਹ ਜਾਨਣ ਵਿੱਚ ਮਦਦ ਕਰੇਗਾ

:➢ ਸੈਰ-ਸਪਾਟਾ ਉਤਪਾਦ ਤੇ ਸੈਰ-ਸਪਾਟਾ ਸ੍ਰੋਤਾਂ ਬਾਰੇ ਸਮਝਣਾ

➢ ਸੈਰ-ਸਪਾਟਾ ਸ੍ਰੋਤਾਂ ਨੂੰ ਸੈਰ-ਸਪਾਟਾ ਉਤਪਾਦਾਂ ਵਿੱਚ ਕਿਵੇਂ ਬਦਲਿਆ ਜਾ ਸਕਦਾ ਹੈ।

➢ ਸੈਰ-ਸਪਾਟਾ ਉਤਪਾਦਾਂ ਦਾ ਵਰਗੀਕਰਨ ਕਿਵੇਂ ਕੀਤਾ ਜਾਵੇ ?

➢ ਸੈਰ-ਸਪਾਟਾ ਉਤਪਾਦਾਂ ਦੀ ਸੁਰੱਖਿਆ ਦੀ ਕੀ ਮਹੱਤਤਾ ਹੈ।

**ਸ੍ਰੋਤ ਸਾਮਗਰੀ**

➢ ਦੀਕਸ਼ਿਤ, ਮਨੋਜ ਐਂਡ ਯਾਦਵ, ਚਾਰੂ ਸ਼ੀਲਾ (2006) ਟੂਰਿਜ਼ਮ ਪ੍ਰੋਡਕਟ ਆਫ ਇੰਡੀਆ, ਲਖਨਊ : ਰਾਇਲ ਪਬਲਿਸ਼ਰਜ਼।

➢ ਟੂਰ ਬਰੋਸ਼ਰਜ਼ ਆਦਿ

➢ ਲੋਨਲੀ ਪਲੈਨੇਟ – ਇੰਡੀਆ

➢ ਕੁਮਾਰ ਰਵੀ ਭੂਸ਼ਨ : ਕੋਸਟਲ ਟੂਰਿਜ਼ਮ ਐਂਡ ਇਨਵਾਇਰਨ ਮੈਂਟ, ਏ. ਓ. ਐਚ. ਪਬਲਿਸ਼ਿੰਗ ਕਾਰਪੋਰੇਸ਼ਨ ਨਵੀਂ ਦਿਲੀ।

➢ ਪਿਲਗਰਿਮੇਜ ਇਨ ਇੰਡੀਆ, ਆਰ. ਐਨ. ਪਿੱਲੇ।

➢ ਐਸ. ਪੀ. ਗੁਪਤਾ, ਕ੍ਰਿਸ਼ਨ ਲਾਲ ਐਂਡ ਮਹੂਆ ਭੱਟਾ ਚਾਰੀਆ : ਕਲਚਰਲ ਟੂਰਿਜ਼ਮ ਇਨ ਇੰਡੀਆ।

➢ ਐਸ. ਜਗਨਨਾਥ : ਇੰਡੀਆ – ਪੈਲਨ ਯੂਅਰ ਓਨ ਹੋਲੀਡੇਅ

➢ ਸਟੀਫਨ ਬਾਲ (2007) ਇਨਸਾਈਟਕਲੋਪੀਡੀਆ ਆਫ ਟੂਰਿਜ਼ਮ ਰਿਸੋਰਸਜ਼ ਇਨ ਇੰਡੀਆ, ਬੀ / ਐਚ।

## 2.1 ਜਾਣਕਾਰੀ

ਵਿਸ਼ਵ ਭਰ ਵਿੱਚ ਅਸੀਂ ਵੇਖਦੇ ਹਾਂ ਸੱਭਿਆਚਾਰਿਕ ਤੇ ਭੌਤਿਕ ਪੱਖ ਤੋਂ ਵਿਭਿੰਨ ਵਿਸ਼ੇਸ਼ਤਾਵਾਂ ਹਨ। ਇਹ ਵਿਸ਼ੇਸ਼ਤਾਵਾਂ ਸੰਬੰਧਿਤ ਥਾਂ ਨੂੰ ਵਿਲੱਖਣ ਸੁਭਾਅ ਪ੍ਰਦਾਨ ਕਰਦੀਆਂ ਹਨ। ਇਹਨਾਂ ਵਿਸ਼ੇਸ਼ਤਾਵਾਂ ਦੀ ਬੌਦੋਲਤ ਹੀ ਇਕ ਸਥਾਨ ਦੂਜੇ ਸਥਾਨ ਤੋਂ ਵੱਖਰਾ ਹੈ। ਭੌਤਿਕ ਵਿਸ਼ੇਸ਼ਤਾਵਾਂ ਧਰਤੀ ਦੀਆਂ ਕਿਸਮਾਂ, ਜਲ ਸਾਧਨ, ਜਲਵਾਯੂ, ਭੂੰਮੀ, ਕੁਦਰਤੀ ਬਨਸਪਤੀ ਤੇ ਜੰਗਲੀ ਜੀਵਨ ਦੀ ਬਦੌਲਤ ਹਨ। ਸੱਭਿਆਚਾਰਕ ਵਿਸ਼ੇਸ਼ਤਾਵਾਂ ਮਨੁੱਖੀ ਵਸੋਂ ਦੀ ਸੰਰਚਨਾ, ਰਸਮੋ- ਰਿਵਾਜਾਂ ਤੇ ਰਵਾਇਤਾਂ ਆਰਥਿਕ ਤੇ ਮਨੋਰੰਜਨ ਗਤੀਵਿਧੀਆਂ, ਸੰਚਾਰ ਤਾਣਾ – ਬਾਣਾ, ਭਾਸ਼ਾ, ਕਲਾ ਤੇ ਇਮਾਰਤ-ਸਾਜ਼ੀ, ਧਰਮ ਤੇ ਆਰਥਿਕ ਸਮਾਜਿਕ ਤੇ ਸਿਆਸੀ ਪ੍ਰਬੰਧ ਦੀ ਬਦੌਲਤ ਹਨ।

ਇਸ ਪੈਮਾਨੇ ; ਭੌਤਿਕ ਤੇ ਸੱਭਿਆਚਾਰਕ ਵਿਸ਼ੇਸ਼ਤਾਵਾਂ ਕਾਰਨ ਭਾਰਤ ਵਿਸ਼ਵ ਦੇ ਹੋਰ ਦੇਸਾਂ ਦੇ ਨਾਲ਼ੋਂ ਬਿਲਕੁਲ ਵੱਖਰਾ ਹੈ।

# ਅਭਿਆਸ

**ਪ੍ਰਸ਼ਨ 1 : ਭਾਰਤ ਦੀਆਂ ਪੰਜ ਭੌਤਿਕ ਵਿਸ਼ੇਸ਼ਤਾਵਾਂ ਦਾ ਵਰਨਣ ਕਰੋ।**

**ਪ੍ਰਸ਼ਨ 2 : ਭਾਰਤ ਦੇ ਪੰਜ ਰਾਜਾਂ ਤੇ ਉੱਥੇ ਬੋਲੀਆਂ ਜਾਂਦੀਆਂ ਭਾਸ਼ਾਵਾਂ ਦਾ ਵਰਨਣ ਕਰੋ।**

**ਪ੍ਰਸ਼ਨ 3 : ਭਾਰਤ ਦੇ ਪੰਜ ਮੇਲਿਆਂ ਦਾ ਵਰਨਣ ਕਰੋ।**

**ਪ੍ਰਸ਼ਨ 4 : ਆਪਣੀ ਸ਼੍ਰੇਣੀ ਵਿੱਚ ਇਹ ਵਿਚਾਰ ਚਰਚਾ ਕਰੋ ਕਿ ਭਾਰਤ ਭੌਤਿਕ ਤੇ ਸੱਭਿਆਚਾਰਿਕ ਵਿਸ਼ੇਸ਼ਤਾਵਾਂ ਕਾਰਨ ਕਿਵੇਂ ਹੋਰ ਦੇਸ਼ਾਂ ਨਾਲ਼ੋਂ ਵੱਖਰਾ ਹੈ?**

## 2.2 ਸੈਰ-ਸਪਾਟਾ ਸ੍ਰੋਤ-:

ਭੌਤਿਕ ਤੇ ਸੱਭਿਆਚਾਰਿਕ ਵਿਸ਼ੇਸ਼ਤਾਵਾਂ ਕਿਸੇ ਸਥਾਨ ਦੀ ਅਸਲ ਸੰਪਤੀ ਹੁੰਦੀਆਂ ਹਨ। ਇਸ ਸੰਪਤੀ ਨੂੰ ਉੱਥੋਂ ਦੇ ਵਸਨੀਕ ਆਪਣੀਆਂ ਜ਼ਰੂਰਤਾਂ ਲਈ ਵੱਖ-ਵੱਖ ਢੰਗਾਂ ਨਾਲ਼ ਵਰਤਦੇ ਹਨ। ਉਹ ਸਥਾਨ ਦੀਆਂ ਇਹ ਭੌਤਿਕ ਤੇ ਸੱਭਿਆਚਾਰਿਕ ਵਿਸ਼ੇਸ਼ਤਾਵਾਂ ਹੀ ਉਸ ਸਥਾਨ ਦੀਆਂ ਸ੍ਰੋਤ ਹੁੰਦੀਆਂ ਹਨ:

ਇਹੋ ਸ੍ਰੋਤ ਸੈਰ-ਸਪਾਟੇ ਦਾ ਆਧਾਰ ਬਣਦੇ ਹਨ । ਲੋਕ ਉਸ ਥਾਂ ਦੇ ਵਿਲੱਖਣ ਸ੍ਰੋਤਾਂ ਦੀ ਪ੍ਰਸੰਸਾ ਕਰਨ ਤੇ ਉਹਨਾਂ ਦਾ ਅਨੁਭਵ ਹਾਸਲ ਕਰਨ ਲਈ ਉਸ ਸਥਾਨ ਦੀ ਯਾਤਰਾ ਕਰਦੇ ਹਨ। ਸੈਰ-ਸਪਾਟਾ ਇਹਨਾਂ ਸ੍ਰੋਤਾਂ ਦੀ ਆਕਰਸ਼ਣ ਸ਼ਕਤੀ 'ਤੇ ਹੀ ਆਧਾਰਿਤ ਹੁੰਦੀ ਹੈ। ਸੈਰ-ਸਪਾਟਾ ਸਨਅਤ ਵਿੱਚ ਵਰਤੇ ਜਾਂਦੇ ਸ੍ਰੋਤ ਕਿਸੇ ਸਥਾਨ ਨੂੰ ਸੈਰ-ਸਪਾਟਾ ਉਤਪਾਦ ਬਣਾਉਣ ਲਈ ਬੇਹੱਦ ਜ਼ਰੂਰੀ ਹੁੰਦੇ ਹਨ। ਸੈਰ-ਸਪਾਟਾ ਸ੍ਰੋਤ ਸੈਰ ਸਪਾਟਾ ਥਾਂ 'ਤੇ ਮੌਜੂਦ ਹੁੰਦੇ ਹਨ। ਸੈਰ-ਸਪਾਟਾ ਸ੍ਰੋਤ ਸੈਰ-ਸਪਾਟਾ ਸਥਾਨ ਨੂੰ ਵਿਲੱਖਣਤਾ ਪ੍ਰਦਾਨ ਕਰਦੇ ਹੋਣੇ ਚਾਹੀਦੇ ਹਨ। ਸੈਰ-ਸਪਾਟਾ ਸਥਾਨ ਉਸ ਇਲਾਕੇ ਦੇ ਸਰੂਪ ਨੂੰ ਕਾਇਮ ਰੱਖ ਕੇ ਹੀ ਵਿਕਸਿਤ ਕੀਤੇ ਜਾਣੇ ਚਾਹੀਦੇ ਹਨ।

**ਸੈਰ-ਸਪਾਟਾ ਥਾਂ :** ਇਹ ਉਹ ਥਾਂ ਹੈ (ਸ਼ਹਿਰ, ਪ੍ਰਦੇਸ, ਦੇਸ, ਖੇਤਰ) ਜਿਥੇ ਸੈਲਾਨੀਆਂ ਲਈ ਸੈਰ-ਸਪਾਟਾ ਉਤਪਾਦ ਮੌਜੂਦਾ ਹੋਣ।

## 2.3 ਸੈਰ-ਸਪਾਟਾ ਸ੍ਰੋਤਾਂ ਦੀਆਂ ਕਿਸਮਾਂ

**ਕੁਦਰਤੀ ਸ੍ਰੋਤ -** ਇਹ ਕੁਦਰਤ ਦੇ ਬਣਾਏ ਕੁਦਰਤੀ ਸ੍ਰੋਤ ਹੁੰਦੇ ਹਨ ਇਹ ਸ੍ਰੋਤ ਅਜਿਹੇ ਵਾਤਾਵਰਨ 'ਚ ਵਿਕਸਿਤ ਹੁੰਦੇ ਹਨ ਜਿੱਥੇ ਮਨੁੱਖ ਇਹਨਾਂ ਵਿੱਚ ਦਖਲ ਨਹੀਂ ਦਿੰਦਾ ਤੇ ਇਹ ਆਪਣੇ ਕੁਦਰਤੀ ਰੂਪ 'ਚ ਕਾਇਮ ਰਹਿੰਦੇ ਹਨ : ਇਹਨਾਂ ਵਿੱਚ ਹੇਠ ਲਿਖੇ ਕੁਦਰਤੀ ਵਰਤਾਰੇ ਸ਼ਾਮਲ ਹੁੰਦੇ ਹਨ : ਜਲਵਾਯੂ : ਉਹ ਔਸਤ ਹਾਲਤ ਹੈ ਜੋ ਕਿਸੇ ਇਲਾਕੇ ਵਿੱਚ ਲੰਬੇ ਸਮੇਂ ਤੋਂ ਵਾਪਰਦੀ ਹੈ ਭਾਵੇਂ ਜਲਵਾਯੂ (ਪੌਣ ਪਾਣੀ) ਦੀ ਭਵਿੱਖਬਾਣੀ ਕੀਤੀ ਜਾ ਸਕਦੀ ਹੈ। ਜਲਵਾਯੂ ਸੈਰ-ਸਪਾਟੇ ਲੀ ਆਕਰਸ਼ਣ ਦਾ ਕਾਰਨ ਬਣਦਾ ਹੈ। ਜਿਨ੍ਹਾਂ ਥਾਂਵਾਂ 'ਤੇ ਸਰਦੀਆਂ ਵਿੱਚ ਨਿਘੀਆਂ ਤੇ ਧੁੱਪਾਂ ਵਾਲਾ ਮੌਸਮ ਹੁੰਦਾ ਹੈ ਉਹ ਥਾਂਵਾਂ ਠੰਢੇ, ਬਰਫ਼ੀਲੇ ਥਾਂਵਾਂ 'ਤੇ ਰਹਿਣ ਵਾਲੇ ਲੋਕਾਂ ਲਈ ਆਕਰਸ਼ਣ ਬਣਦੀਆਂ ਹਨ। ਮਿਸਾਲ ਦੇ ਤੌਰ 'ਤੇ ਹਿਮਾਲਿਆਂ ਦੇ ਉੱਚੇ ਇਲਾਕੇ ਬਰਫ਼ ਦੀਆਂ ਖੇਡਾਂ ਦਾ ਆਨੰਦ ਲੈਣ ਲਈ ਲੋਕਾਂ ਨੂੰ ਆਕਰਸ਼ਿਤ ਕਰਦੇ ਹਨ। ਗਰਮੀਆਂ ਵਿੱਚ ਠੰਢੇ ਮੌਸਮ ਦਾ ਆਨੰਦ ਲੈਣ ਲਈ ਲੋਕ ਹਿਲ ਸਟੇਸ਼ਨਾ ਦੇ ਸੈਰ-ਸਪਾਟੇ ਲਈ ਜਾਂਦੇ ਹਨ।

**ਦ੍ਰਿਸ਼ ਸੁੰਦਰਤਾ :** ਕਿਸੇ ਕੁਦਰਤੀ ਆਕਰਸ਼ਕ ਸਥਾਨ ਦੇ ਸੁੰਦਰ 'ਤੇ ਆਨੰਦਮਈ ਦ੍ਰਿਸ਼ ਵੀ ਸੈਲਾਨੀਆਂ ਲਈ ਖਿੱਚ ਦਾ ਕਾਰਨ ਬਣਦੇ ਹਨ। ਇਹ ਦ੍ਰਿਸ਼ ਬਰਫ਼ ਨਾਲ਼ ਢਕੀਆਂ ਪਹਾੜੀ ਚੋਟੀਆਂ ਦੇ ਵੀ ਹੋ ਸਕਦੇ ਹਨ, ਖੇਤੀਬਾੜੀ ਲੈਂਡ ਸਕੇਪਾਂ ਦੇ ਵੀ।

**ਭੂਮੀ ਦੀਆਂ ਕਿਸਮਾਂ :** ਇਹਨਾਂ ਵਿੱਚ ਪਹਾੜੀਆਂ (ਪਹਾੜੀਆਂ 'ਤੇ ਪੱਧਰੇ ਜਾਂ ਲਗਪਗ ਪੱਧਰੇ ਮੈਦਾਨ) ਅਣਪੱਧਰੀ ਭੂੰਮੀ, ਵੱਧ ਢਲਾਣ ਵਾਲ਼ੀਆਂ ਪਹਾੜੀਆਂ, ਪਠਾਰਾਂ ਤੇ ਨੀਵੇਂ ਮੈਦਾਨੀ ਇਲਾਕੇ ਸ਼ਾਮਲ ਹੁੰਦੇ ਹਨ।

**ਬੀਚਾਂ ਤੇ ਮੈਰਾਈਨ ਖੇਤਰ :** ਬੀਚ ਸਾਗਰ, ਸਮੁੰਦਰ, ਦਰਿਆਵਾਂ ਝੀਲਾਂ ਦੀਆਂ ਤੱਟੀ ਰੇਖਾਵਾਂ ਦੀ ਭੂਮੀ ਦੀ ਕਿਸਮ ਹੈ। ਇਸ ਭੂਮੀ 'ਤੇ ਢਿੱਲੇ ਰੇਤ ਕਣ, ਜੋ ਕਿ ਆਮ ਤੌਰ 'ਤੇ ਚਟਾਨਾਂ ਘਸ ਕੇ ਬਣਦੇ ਹਨ, ਰੇਤੇ, ਪੱਥਰ ਗੀਟੇ ਤੇ ਕੰਕਰਾਂ ਤੋਂ ਵੀ ਇਹ ਬਣਦੇ ਹਨ।

**ਬਨਸਪਤੀ ਤੇ ਜੀਵ ਜੰਤੂ :** ਬਨਸਪਤੀ ਤੇ ਜੀਵ ਜੰਤੂਆਂ ਵਿੱਚ ਵਿਸ਼ੇਸ਼ ਪੌਦੇ ਤੇ ਜੰਗਲੀ ਜੀਵਨ ਆ ਜਾਂਦਾ ਹੈ। ਇਹ ਤਕਨੀਕੀ ਸ਼ਬਦ ਕਿਸੇ ਖੇਤਾ ਵਿਸ਼ੇਸ਼ ਵਿੱਚ ਪਾਏ ਜਾਂਦੇ ਵਿਲੱਖਣ ਪੌਦਿਆਂ ਅਤੇ

ਜੰਗਲ਼ੀ ਜੀਵਨ ਸੰਬੰਧੀ ਵਰਤਿਆ ਜਾਂਦਾ ਹੈ।

**ਵਿਸ਼ੇਸ਼ ਵਾਯੂਮੰਡਲ ਵਾਲ਼ੇ ਲੱਛਣ** : ਵਿਸ਼ੇਸ਼ ਵਾਯੂਮੰਡਲੀ ਲੱਛਣਾ ਵਿੱਚ ਉੱਚੀਆਂ ਪਹਾੜੀਆਂ, ਅਸਾਧਾਰਨ ਭੂਮੀ ਆਕ੍ਰਿਤੀਆਂ, ਗੁਫਾਵਾਂ, ਝਰਨੇ, ਗਰਮ ਚਸ਼ਮੇ, ਜਵਾਲਾਮੁਖੀ ਫਟਣ ਨਾਲ਼ ਬਣੀਆਂ ਭੂਮੀ ਦੀਆਂ ਕਿਸਮਾਂ ਆ ਜਾਂਦੀਆਂ ਹਨ।

**ਪਾਰਕਾਂ ਤੇ ਰੱਖਾਂ ਵਾਲੇ ਖੇਤਰ** : ਨੈਸ਼ਨਲ ਪਾਰਕ, ਜੰਗਲੀ ਜੀਵਾਂ ਦੀਆਂ ਰੱਖਾਂ।

**ਸੱਭਿਆਚਾਰਿਕ ਸ੍ਰੋਤ** : ਪੁਰਾਤਤਵ, ਇਤਿਹਾਸਕ ਤੇ ਸੱਭਿਆਚਾਰਿਕ ਥਾਵਾਂ : ਪੁਰਾਤਤਣ ਥਾਵਾਂ ਉਹ ਹੁੰਦੀਆਂ ਹਨ, ਜਿਥੇ, ਅਜਿਹੀਆਂ ਭੋਤਿਕ ਥਾਂਵਾਂ ਜਾਂ ਥਾਂਵਾਂ ਦਾ ਸਮੂਹ ਹੋਵੇ, ਜਿਨ੍ਹਾਂ ਵਿੱਚ ਬੀਤੇ ਸਮੇਂ ਦੀਆਂ ਗਤੀਵਿਧੀਆਂ ਦੀ ਝਲਕ ਮਿਲ਼ੇ (ਇਹ ਥਾਂਵਾਂ ਭਾਵੇਂ ਪੂਰਵ ਇਤਿਹਾਸਿਕ, ਹੋਣ, ਇਤਿਹਾਸਿਕ ਹੋਣ ਤੇ ਭਾਵੇਂ ਮੌਜੂਦ ਹੋਣ) ਇਤਿਹਾਸਿਕ ਸੈਰ-ਸਪਾਟਾ ਸਥਾਨ ਉਹ ਹੁੰਦਾ ਹੈ ਜਿਥੇ ਰਾਜਨੀਤਕ, ਸੈਨਿਕ ਜਾਂ ਸਮਾਜਕ ਇਤਿਹਾਸ ਨਾਲ਼ ਸੰਬੰਧਤ ਵਸਤਾਂ : ਸਾਂਭੀਆਂ ਹੁੰਦੀਆਂ ਹਨ। ਇਤਿਹਾਸਕ ਥਾਂ ਕੋਈ ਇਮਾਰਤ, ਲੈਂਡ ਸਕੇਪ ਜਾਂ ਕੋਈ ਅਜਿਹੀ ਸੰਰਚਨਾ ਵੀ ਹੋ ਸਕਦੀ ਹੈ ਜਿਸਦੀ ਖੇਤਰੀ, ਸਥਾਨਕ ਜਾਂ ਕੌਮੀ ਪੱਧਰ ਤੇ ਮਹੱਤਤਾ ਹੋਵੇ।

ਸੱਭਿਆਚਾਰਿਕ ਸੈਰ-ਸਪਾਟਾ ਥਾਂ ਉਹ ਹੁੰਦੀ ਹੈ ਜਿੱਥੇ ਸੱਭਿਆਚਾਰਿਕ ਸਮਾਰੋਹ ਕੀਤੇ ਜਾਂਦੇ ਹੋਣ। ਜਿਵੇਂ ਕਿ ਪ੍ਰਗਤੀ ਮੈਦਾਨ ਦਿੱਲੀ ਹੈ।

**ਕਲਾ** : ਇਸ ਵਿੱਚ ਪਰਫਾਰਮਿੰਗ ਆਰਟ ਜਿਵੇਂ ਕਿ ਨ੍ਰਿਤ, ਸੰਗੀਤ, ਨਾਟਕ ਅਤੇ ਫਾਈਨ ਆਰਟਸ ਚਿੱਤਰਕਾਰੀ ਅਤੇ ਬੁੱਤਸਾਜ਼ੀ ਦੇ ਸਮਾਰੋਹ ਹੁੰਦੇ ਹੋਣ। ਇਹਨਾਂ ਵਿੱਚ ਦਸਤਕਾਰੀ ਉਹ ਕਲਾ ਜਿਸ ਵਿੱਚ ਰੋਜ਼ਾਨਾ ਵਰਤੋਂ ਦੀਆਂ ਵਸਤਾਂ ਹੱਥੀਂ ਤਿਆਰ ਕਰਕੇ ਪ੍ਰਦਰਸ਼ਿਤ ਕੀਤੀਆਂ ਜਾਂਦੀਆਂ ਹਨ। ਇਹਨਾਂ ਵਿੱਚ ਸਜਾਵਟੀ ਵਸਤਾਂ ਵੀ ਸ਼ਾਮਲ ਹੋ ਸਕਦੀਆਂ ਹਨ।

**ਰਸਮੋ - ਰਿਵਾਜ ਤੇ ਰਵਾਇਤਾਂ** : ਰਸਮੋ ਰਿਵਾਜ (ਜਿਨ੍ਹਾਂ ਨੂੰ ਰਵਾਇਤਾਂ ਵੀ ਕਿਹਾ ਜਾਂਦਾ ਹੈ) ਇਹ ਉਹ ਰਸਮਾਂ ਹੁੰਦੀਆਂ ਹਨ ਜੋ ਵੱਡੀ ਗਿਣਤੀ ਵਿੱਚ ਲੋਕ ਨਿਭਾਉਂਦੇ ਹਨ ਅਤੇ ਲੰਬੇ ਸਮੇਂ ਤੋਂ ਨਿਭਾਉਂਦੇ ਆ ਰਹੇ ਹਨ। ਇਹ ਰਸਮੋ-ਰਿਵਾਜ ਲੋਕਾਂ ਦੀ ਦਿਲਚਸਪੀ ਦਾ ਹਿੱਸਾ ਬਣ ਚੁੱਕੇ ਹੁੰਦੇ ਹਨ। ਭਾਰਤ ਦੇ

ਰਸਮੋ-ਰਿਵਾਜ ਬੇਹੱਦ ਅਮੀਰ ਸਮਝੇ ਜਾਂਦੇ ਹਨ। ਕੁਝ ਲੋਕਪ੍ਰਿਆ ਰਸਮੋ ਰਿਵਾਜ ਜੋ ਭਾਰਤ ਵਿੱਚ ਪ੍ਰਚਲਤ ਹਨ ਕਿਸੇ ਧਾਰਮਿਕ ਅਸਥਾਨ 'ਚ ਦਾਖਲ ਹੋਣ ਤੋਂ ਪਹਿਲਾਂ ਜੁੱਤੀਆਂ ਉਤਾਰਨਾ, ਕਿਸੇ ਦੇ ਸੁਆਗਤ ਜਾਂ ਵਿਦਾਈ ਵੇਲ਼ੇ ਦੋਵੇਂ ਹੱਥ ਜੋੜ ਕੇ ਨਮਸਕਾਰ ਕਰਨਾ ਅਤੇ ਜਵਾਨ ਕੁੜੀਆਂ ਤੇ ਔਰਤਾਂ ਵੱਲੋਂ ਮੱਥੇ 'ਤੇ ਦੋਵੇਂ ਭਰਵੱਟਿਆਂ ਦੇ ਵਿਚਕਾਰ ਬਿੰਦੀ ਲਗਾਉਣਾ ਆਦਿ।

**ਦਿਲਚਸਪ ਆਰਥਿਕ ਗਤੀਵਿਧੀਆਂ :** ਕੁਝ ਵਿਸ਼ੇਸ਼ ਇਲਾਕਿਆਂ ਵਿੱਚ ਦਿਲਚਸਪ ਆਰਥਿਕ ਗਤੀਵਿਧੀਆਂ ਵੀ ਹੁੰਦੀਆਂ ਹਨ ਜਿਵੇਂ ਚਾਹ ਤੇ ਰਬੜ ਦੇ ਬਾਗ਼, ਜੰਗਲ਼ਾਂ ਵਿੱਚ ਹਾਥੀਆਂ ਤੋਂ ਢੋਆ ਢੁਆਈ ਦਾ ਕੰਮ ਲੈਣਾ, ਕੁਝ ਵਿਸ਼ੇਸ਼ ਖੇਤੀ ਤਕਨੀਕਾਂ ਅਤੇ ਕਿਸ਼ਤੀ ਚਾਲਣ ਆਦਿ।

**ਦਿਲਚਸਪ ਸ਼ਹਿਰੀ ਇਲਾਕੇ :** ਸ਼ਹਿਰ ਦੇ ਆਲ਼ੇ-ਦੁਆਲ਼ੇ ਦਾ ਦਿਲਚਸਪ ਖੇਤਰ। ਬਹੁਤੇ ਸ਼ਹਿਰੀ ਖੇਤਰ ਗੈਰ ਖੇਤੀਬਾੜੀ ਦੇ ਕੰਮ ਕਰਦੇ ਹੁੰਦੇ ਹਨ। ਸ਼ਹਿਰੀ ਖੇਤਰ ਕਾਫ਼ੀ ਵਿਕਸਿਤ ਹੁੰਦੇ ਹਨ ਮਿਸਾਲ ਦੇ ਤੌਰ ਤੇ ਉੱਥੇ ਲੋਕਾਂ ਦੇ ਰਹਿਣ ਲਈ ਸੰਘਣੇ ਘਰ, ਵਪਾਰਿਕ ਇਮਾਰਤਾਂ, ਸੜਕਾਂ, ਪੁਲ਼ ਤੇ ਰੇਲ ਪਹਾੜੀਆਂ ਹੁੰਦੀਆਂ ਹਨ ਸ਼ਹਿਰੀ ਖੇਤਰਾਂ ਵਿੱਚ ਸ਼ਹਿਰ ਮਹਾਂ ਨਗਰ ਆਦਿ ਆ ਜਾਂਦੇ ਹਨ। ਸ਼ਾਪਿੰਗ ਮਾਲ, ਮੈਟਰੋ ਰੇਲ ਸ਼ਹਿਰੀ ਖੇਤਰ 'ਚ ਆਮ ਹੁੰਦੀਆਂ ਹਨ।

## 2.4 ਸੈਰਸਪਾਟਾ ਉਤਪਾਦ-:

ਸੈਰ-ਸਪਾਟਾ ਉਤਪਾਦ ਉਹ ਹੁੰਦੇ ਹਨ ਜੋ ਸੈਲਾਨੀਆਂ ਨੂੰ ਉਸ ਥਾਂ 'ਤੇ ਪੇਸ਼ ਕੀਤੇ ਜਾਂਦੇ ਹਨ। ਉਹ ਉਤਪਾਦ ਜੋ ਸੈਲਾਨੀਆਂ ਨੂੰ ਆਪਣੇ ਰਹਿਣ ਦੀ ਥਾਂ 'ਤੇ ਨਹੀਂ ਮਿਲ਼ਦੇ, ਮੌਜ ਮੇਲਾ, ਖ਼ੁਸ਼ੀ, ਧਾਰਮਿਕ ਤੇ ਵਪਾਰਿਕ ਲੋੜਾਂ ਦੀ ਪੂਰਤੀ, ਸੈਲਾਨੀਆਂ ਦੀ ਉਹਨਾਂ ਥਾਂਵਾਂ 'ਤੇ ਹੁੰਦੀ ਹੈ। ਸੈਰ-ਸਪਾਟਾ ਉਤਪਾਦ ਬਾਜ਼ਾਰ ਵਿੱਚ ਮੁੱਲ ਭਰ ਕੇ ਮਿਲ਼ ਜਾਂਦੇ ਹਨ। ਸੈਰ-ਸਪਾਟਾ ਉਤਪਾਦਾਂ ਕਾਰਨ ਹੀ ਸੈਲਾਨੀ ਉਸ ਥਾਂ ਨੂੰ ਸੈਰ-ਸਪਾਟੇ ਲਈ ਚੁਣਦੇ ਹਨ। ਸੈਰ-ਸਪਾਟਾ ਉਤਪਾਦਾਂ ਕਾਰਨ ਹੀ ਸੈਰ- ਸਪਾਟਾ ਥਾਂ ਨੂੰ ਵਿਤੀ ਲਾਭ ਹੁੰਦਾ ਹੈ। ਇਸ ਲਈ ਇਹਨਾਂ ਨੂੰ ਠੀਕ ਢੰਗ ਨਾਲ਼ ਸਾਂਭਣਾ ਤੇ ਵੇਚਣਾ ਚਾਹੀਦਾ ਹੈ।

ਕੋਟਲਰ (1984) ਅਨੁਸਾਰ ਇਹਨਾਂ "ਉਤਪਾਦ ਉਹ ਚੀਜ਼ ਹੈ ਜੋ ਮਾਰਕੀਟ ਵਿੱਚ ਵੰਡੀ ਜਾਂਦੀ ਹੈ ਜੋ ਤੁਹਾਡੀ ਲੋੜ ਪੂਰੀ ਤੇ ਸੰਤੁਸ਼ਟ ਕਰੇ। ਇਸ ਵਿਚ ਭੌਤਿਕ ਵਸਤਾਂ, ਸੇਵਾਵਾਂ, ਵਿਅਕਤੀ ਥਾਂਵਾਂ,

ਸੰਸਥਾਵਾਂ ਤੇ ਵਿਚਾਰ ਵੀ ਆ ਜਾਂਦੇ ਹਨ। ਇਹ ਚੀਜ਼ਾਂ ਅਸੀਂ ਮਾਰਕੀਟ 'ਚੋਂ ਖਰੀਦਦੇ ਹਾਂ। ਮਿਸਾਲ ਦੇ ਤੌਰ 'ਤੇ ਬਿਸਕੁਟ, ਮੋਬਾਈਲ ਫ਼ੋਨ, ਕਾਰ ਆਦਿ ਬਾਜ਼ਾਰ 'ਚ ਉਪਲਬਧ ਹਨ ਜੋ ਖਰੀਦਦਾਰ ਦੀਆਂ ਵੱਖ ਵੱਖ ਲੋੜਾਂ ਪੂਰੀਆਂ ਕਰਦੇ ਹਨ।

ਸੈਰ-ਸਪਾਟਾ ਉਤਪਾਦ ਨੂੰ ਇਸ ਤਰ੍ਹਾਂ ਵੀ ਵਰਣਿਤ ਕੀਤਾ ਜਾ ਸਕਦਾ ਹੈ ਕਿ ਸੈਰ-ਸਪਾਟੇ ਦੌਰਾਨ ਸੈਲਾਨੀ ਨੂੰ ਪੇਸ਼ ਕੀਤੀਆਂ ਜਾਣ ਵਾਲ਼ੀਆਂ ਸੇਵਾਵਾਂ ਜੋ ਉਹ ਆਪਣੇ ਘਰ ਤੋਂ ਸੈਰ-ਸਪਾਟਾ ਥਾਂ ਤੱਕ ਮਾਣਦਾ ਹੈ ਅਤੇ ਉਦੋਂ ਤੱਕ ਮਾਣਦਾ ਹੈ ਜਦੋਂ ਤੱਕ ਉਹ ਦੁਬਾਰਾ ਆਪਣੇ ਘਰ ਨਾ ਪੁੱਜ ਜਾਵੇ। ਇਹਨ੍ਹਾਂ ਦੇ ਨਾਲ਼ ਹੀ ਕੁਦਰਤੀ ਤੇ ਸੱਭਿਆਚਾਰਿਕ ਆਕਰਸ਼ਣ ਵੀ ਆ ਜਾਂਦਾ ਹੈ, ਸਹੂਲਤਾਂ, ਸੇਵਾਵਾਂ ਜਿਵੇਂ ਕਿ ਹੋਟਲ, ਟਰਾਂਸਪੋਰਟ, ਉਤਪਾਦ ਦੀ ਕੀਮਤ, ਖਾਣਾ ਤੇ ਮਨੋਰੰਜਨ ਆਦਿ ਵੀ ਇਸ ਵਿੱਚ ਆ ਜਾਂਦੇ ਹਨ।

ਜਦੋਂ ਅਸੀਂ ਛੁੱਟੀਆਂ ਬਿਤਾਉਣ ਲਈ ਸੈਰ-ਸਪਾਟੇ ਦੀ ਯੋਜਨਾ ਬਣਾਉਂਦੇ ਹਾਂ ਤਾਂ ਅਸੀਂ ਉਸ ਸੈਰ-ਸਪਾਟਾ ਥਾਂ ਦੀ ਚੋਣ ਕਰਦੇ ਹਾਂ ਜਿੱਥੇ ਅਸੀਂ ਛੁੱਟੀਆਂ ਬਿਤਾ ਸਕੀਏ। ਇਹ ਚੋਣ ਉਸ ਥਾਂ ਦੇ ਆਕਰਸ਼ਣ ਦੇ ਅਧਾਰ 'ਤੇ ਕਰਦੇ ਹਾਂ। ਇਹ ਵੀ ਪੜਤਾਲ ਕਰਦੇ ਹਾਂ ਕਿ ਉਸ ਥਾਂ 'ਤੇ ਕਿਵੇਂ ਪਹੁੰਚਿਆ ਜਾ ਸਕਦਾ ਹੈ। ਉੱਥੇ ਠਹਿਰਨ ਲਈ ਤੇ ਹੋਰ ਗਤੀਵਿਧੀਆਂ ਲਈ ਕੀ-ਕੀ ਸਹੂਲਤਾਂ ਹੋਣਗੀਆਂ। ਇਹ ਸਹੂਲਤਾਂ ਸੈਰ-ਸਪਾਟੇ ਤੋਂ ਵੱਖਰੀਆਂ ਹੁੰਦੀਆਂ ਹਨ। ਸੈਰ-ਸਪਾਟੇ ਦੇ ਹਰੇਕ ਅੰਗ ਦਾ ਤੁਹਾਨੂੰ ਮੁੱਲ ਤਾਰਨਾ ਪੈਂਦਾ ਹੈ, ਜਿਵੇਂ ਕੀ ਟਰਾਂਸਪੋਰਟੇਸ਼ਨ ਦਾ, ਠਹਿਰਾਓ ਲਈ ਹੋਟਲ ਆਦਿ ਦਾ, ਕਿਸੇ ਸਮਾਰਕ ਦੀ ਦਾਖਲਾ ਟਿਕਟ ਦਾ, ਖਰੀਦਦਾਰੀ ਦਾ ਆਦਿ। ਇਸ ਪ੍ਰਕਾਰ ਸੈਰ- ਸਪਾਟਾ ਦੇ ਅੰਗਾਂ ਵਿੱਚ :

1. ਸੈਰ ਸਪਾਟਾ ਸਥਾਨ ਤੇ ਸੈਰ ਸਪਾਟਾ ਵਸਤਾਂ ਮਿਲ਼ਦੀਆਂ ਹਨ ਪਰ ਇਹਨਾਂ ਨੂੰ ਸੈਰ- ਸਪਾਟਾ ਥਾਂ ਤੋਂ ਬਾਹਰ ਨਹੀਂ ਲਿਜਾਇਆ ਜਾ ਸਕਦਾ ਹੁੰਦਾ । ਇਸ ਪ੍ਰਕਾਰ ਸੈਲਾਨੀ ਨੂੰ ਇਹ ਸੈਰ- ਸਪਾਟਾ ਉਤਪਾਦ ਸੈਰ ਸਪਾਟਾ ਥਾਂ 'ਤੇ ਹੀ ਖ਼ਤਮ ਕਰਨੇ ਪੈਂਦੇ ਹਨ।

2. ਸੈਰ-ਸਪਾਟਾ ਉਤਪਾਦ ਸੈਲਾਨੀ ਆਪਣੇ ਘਰ ਨਹੀਂ ਲਿਜਾ ਸਕਦਾ। ਸਿਰਫ਼ ਉਹਨ੍ਹਾਂ ਉਤਪਾਦਾਂ ਦੀਆਂ ਯਾਦਾਂ, ਫੋਟੋਆ ਜਾਂ ਵੀਡੀਓ ਬਣਾ ਕੇ ਹੀ ਆਪਣੇ ਨਾਲ਼ ਲਿਜਾ ਸਕਦਾ ਹੈ।

3. ਸੈਰ-ਸਪਾਟਾ ਉਤਪਾਦ ਭੰਡਾਰ ਵੀ ਨਹੀਂ ਕੀਤੇ ਜਾ ਸਕਦੇ। ਜਿਸ ਜਹਾਜ਼ 'ਚ ਸੈਲਾਨੀ ਦਿੱਲੀ ਤੋਂ ਮੁੰਬਈ ਤੱਕ ਸਫ਼ਰ ਕਰਦਾ ਹੈ ਉਸ ਦੀਆਂ ਸੌ ਵਿੱਚੋਂ ਵੀਹ ਸੀਟਾਂ ਖਾਲੀ ਹੋਣ ਉਸ ਉਡਾਣ ਦੌਰਾਨ

ਵੀਹ ਸੀਟਾਂ ਦੇ ਕਿਰਾਏ ਦਾ ਘਾਟਾ ਪਵੇਗਾ ਤੇ ਇਹ ਘਾਟਾ ਕਦੇ ਵੀ ਪੂਰਿਆ ਨਹੀਂ ਜਾ ਸਕੇਗਾ।

4. ਸੈਰ-ਸਪਾਟਾ ਉਤਪਾਦ ਕਦੇ ਵੀ ਸੈਲਾਨੀ ਦੀ ਮਲਕੀਅਤ ਨਹੀਂ ਬਣਦੇ। ਜੇ ਤੁਸੀਂ ਤਾਜ-ਮਹੱਲ ਵੇਖਣ ਜਾਓ, ਭਾਵੇਂ ਤੁਸੀਂ ਦਾਖ਼ਲਾ ਟਿਕਟ ਲਈ ਵੀ ਹੋਵੇ ਫਿਰ ਵੀ ਇਸ ਦਾ ਅਰਥ ਇਹ ਹਰਗਿਜ਼ ਨਹੀ ਹੋਵੇਗਾ ਕਿ ਤੁਸੀਂ ਤਾਜਮਹੱਲ ਦੇ ਮਾਲਕ ਬਣ ਗਏ ਹੋ।

5. ਸੈਰ-ਸਪਾਟਾ ਉਤਪਾਦ ਸੈਲਾਨੀ ਵੱਲੋਂ ਮੁੱਲ ਦੇਕੇ ਖਰੀਦੇ ਜਾਂਦੇ ਹਨ ਤੇ ਫਿਰ ਸੈਰ- ਸਪਾਟਾ ਥਾਂ 'ਤੇ ਹੀ ਖਰਚ ਕਰਕੇ ਪੈਂਦੇ ਹਨ। ਜੇ ਕੋਈ ਗੋਆ ਦੀਆਂ ਬੀਚਾਂ ਦਾ ਆਨੰਦ ਲੈਣ ਲਈ ਜਾਵੇ, ਪਹਿਲਾਂ ਉਸ ਨੂੰ ਹੋਟਲ ਬੁੱਕ ਕਰਨਾ ਪਵੇਗਾ, ਟਰਾਂਸਪੋਰਟ ਦਾ ਪ੍ਰਬੰਧ ਕਰਨਾ ਪਵੇਗਾ ਤੇ ਇਹਨਾਂ ਦੀ ਕੀਮਤ ਵੀ ਅਦਾ ਕਰਨੀ ਪਵੇਗੀ ਫੇਰ ਹੀ ਉਹ ਗੋਆ ਦੀਆਂ ਬੀਚਾਂ ਦਾ ਆਨੰਦ ਲੈ ਸਕੇਗਾ। ਇਹ ਉਸ ਤਰ੍ਹਾਂ ਵੀ ਨਹੀਂ ਹੁੰਦਾ ਜਿਵੇਂ ਤੁਸੀਂ ਕਾਰ ਖਰੀਦਣ ਤੋਂ ਪਹਿਲਾਂ ਉਸ ਦੀ ਪਰਖ ਲਈ ਉਸ ਨੂੰ ਚਲਾ ਕੇ ਵੇਖ ਰਹੇ ਹੋਵੋ।

6. ਸੈਰ-ਸਪਾਟਾ ਉਤਪਾਦ ਲੋਕਾਂ ਨੂੰ ਪ੍ਰਸਤੁਤ ਕੀਤੇ ਜਾਂਦੇ ਹਨ। ਇਹ ਉਹਨਾਂ ਲੋਕਾਂ 'ਤੇ ਨਿਰਭਰ ਕਰਦੇ ਹਨ ਜੋ ਇਹਨ੍ਹਾਂ ਨੂੰ ਪ੍ਰਸਤੁਤ ਕਰਦੇ ਹਨ। ਜਿਵੇਂ ਗਾਈਡ ਲਾਲ ਕਿਲੇ ਬਾਰੇ ਚੰਗੀ ਕੁਮੈਂਟਰੀ ਨਹੀਂ ਕਰ ਸਕੇਗਾ ਤਾਂ ਤੁਹਾਡੀ ਲਾਲ ਕਿਲੇ ਦੀ ਸੈਰ ਬਹੁਤੀ ਸਫ਼ਲ ਨਹੀਂ ਕਹੀ ਜਾ ਸਕੇਗੀ।

7. ਸੈਰ-ਸਪਾਟਾ ਉਤਪਾਦ ਸੈਲਾਨੀ ਦੇ ਅਨੁਭਵ 'ਤੇ ਵੀ ਨਿਰਭਰ ਕਰਦੇ ਹਨ। ਇਸ ਪ੍ਰਕਾਰ ਉਸ ਉਤਪਾਦ ਦੇ ਮਿਆਰ ਦਾ ਅੰਦਾਜ਼ਾ ਲਾਉਣਾ ਮੁਸ਼ਕਲ ਹੁੰਦਾ ਹੈ।

## 2.5 ਸੈਰ-ਸਪਾਟਾ ਸ੍ਰੋਤ ਤੇ ਸੈਰ-ਸਪਾਟਾ ਉਤਪਾਦ

ਕਿਸੇ ਸੈਰ-ਸਪਾਟਾ ਥਾਂ ਦੇ ਸ੍ਰੋਤ ਭਾਵੇਂ ਠੀਕ ਠਾਕ ਹੋਣ ਜਿਵੇਂ ਕਿ ਮੌਸਮ, ਪੌਣ ਪਾਣੀ, ਸੁੰਦਰ ਸੀਨਰੀਆਂ, ਸਮਾਰਕ ਤੇ ਚੰਗੀ ਪ੍ਰਾਹੁਣਚਾਰੀ ਵਾਲ਼ੇ ਲੋਕ ਵੀ ਹੋਣ। ਇਹ ਸੈਰ-ਸਪਾਟਾ ਥਾਂ ਦੇ ਸ੍ਰੋਤ ਸੈਰ-ਸਪਾਟਾ ਉਤਪਾਦ ਵਿੱਚ ਬਦਲੇ ਜਾ ਸਕਦੇ ਹਨ। ਪਰ ਸੈਰ-ਸਪਾਟਾ ਥਾਂ ਦਾ ਹਰੇਕ ਸ੍ਰੋਤ ਸੈਰ-ਸਪਾਟਾ ਉਤਪਾਦ ਵਿੱਚ ਨਹੀਂ ਬਦਲਿਆ ਜਾ ਸਕਦਾ। ਸੈਰ-ਸਪਾਟੇ ਦੇ ਸ੍ਰੋਤ ਕਈ ਕਿਸਮ ਦੇ ਹੁੰਦੇ ਹਨ ਪਰ ਉਨ੍ਹਾਂ 'ਚੋਂ ਜਿਹੜੇ ਸ੍ਰੋਤ ਸੈਰ-ਸਪਾਟਾ ਉਤਪਾਦ ਬਣ ਸਕਦੇ ਹਨ ਉਹਨ੍ਹਾਂ ਵਿੱਚ ਹੇਠ ਲਿਖੇ ਗੁਣ ਹੋਣੇ ਜ਼ਰੂਰੀ ਹਨ:

1. ਸੈਲਾਨੀ ਦੀ ਦਿਲਚਸਪੀ
2. ਸੈਰ-ਸਪਾਟਾ ਥਾਂ ਦੀ ਭੂਗੋਲਿਕ ਸਥਿਤੀ
3. ਸੈਰ-ਸਪਾਟਾ ਥਾਂ ਦੀ ਇਤਿਹਾਸਿਕ ਤੇ ਸੱਭਿਆਚਾਰਿਕ ਮਹੱਤਤਾ
4. ਆਕਰਸ਼ਣ ਦੀ ਸੰਭਾਲ਼
5. ਸੰਬੰਧਿਤ ਸਹੂਲਤਾਂ ਦਾ ਵਾਧਾ
6. ਇਹ ਸੈਲਾਨੀ ਨੂੰ ਪੇਸ਼ ਕੀਤੇ ਜਾਣ
7. ਸੈਰ-ਸਪਾਟਾ ਉਤਪਾਦ ਦੀ ਕੀਮਤ ਨਿਸਚਿਤ ਹੁੰਦੀ ਹੈ।

ਭਾਰਤ ਵਿਚ ਤਾਜਮਹੱਲ ਸ਼ਾਨਦਾਰ ਸਮਾਰਕ ਸ੍ਰੋਤ ਹੈ। ਇਹ ਬਹੁਤ ਲੋਕਪ੍ਰਿਅ ਸੈਰ-ਸਪਾਟਾ ਉਤਪਾਦ ਹੈ।ਆਓ ਤਾਜਮਹੱਲ ਦੀ ਮਿਸਾਲ ਨਾਲ਼ ਇਹ ਸਮਝਣ ਦੀ ਕੋਸ਼ਿਸ਼ ਕਰੀਏ ਕਿ ਸੈਰ- ਸਪਾਟਾ ਸ੍ਰੋਤ ਕਿਵੇਂ ਸੈਰ-ਸਪਾਟਾ ਉਤਪਾਦ ਵਿੱਚ ਬਦਲਦੇ ਹਨ?

1. ਸੈਲਾਨੀਆਂ ਦੇ ਵਾਹਨਾ ਲਈ ਪਾਰਕਿੰਗ
2. ਟਿਕਟ ਕਾਊਂਟਰ
3. ਟੂਰਿਸਟ ਗਾਈਡ
4. ਬਚਾਓ ਤੇ ਸੁਰੱਖਿਆ ਦੇ ਪ੍ਰਬੰਧ
5. ਕੈਫੇਟੇਰੀਆ
6. ਵਾਸ਼ ਰੂੰਮ
7. ਸੌਵੀਨਰਾਂ ਦੀ ਦੁਕਾਨ
8. ਰੋਸ਼ਨੀ ਤੇ ਆਵਾਜ਼ ਪ੍ਰੋਗਰਾਮ
9. ਸਾਈਨ ਬੋਰਡ
10. ਬਿਜਲੀ ਦੀ ਸਹੂਲਤ
11. ਛਪੀ ਹੋਈ ਸਮਗਰੀ / ਬਰੋਸ਼ਰ
12. ਕੂੜੇਦਾਨ

13. ਤੁਰਨ ਲਈ ਰਸਤਾ
14. ਅਪਾਹਜ ਲੋਕਾਂ ਲਈ ਸਹੂਲਤਾਂ
15. ਸਫ਼ਾਈ ਅਤੇ ਸੰਭਾਲ਼
16. ਹਰੇਵਾਈ / ਬਾਗ਼ ਬਗ਼ੀਚੇ

## 2.6 ਸੈਰ-ਸਪਾਟਾ ਉਤਪਾਦਾਂ ਦਾ ਵਰਗੀਕਰਣ-:

ਕੁਦਰਤੀ ਸੈਰ-ਸਪਾਟਾ ਉਤਪਾਦ : ਬੀਚਾਂ, ਟਾਪੂ, ਪਹਾੜੀਆਂ, ਹਿੱਲ ਸਟੇਸ਼ਨ, ਰੇਗਿਸਤਾਨ, ਜੰਗਲੀ ਜੀਵ, ਗੁਫ਼ਾਵਾਂ, ਗਲੇਸ਼ੀਅਰ, ਝੀਲਾਂ, ਝਰਨੇ, ਦਰਿਆ ਆਦਿ।

ਉਦਾਹਰਨ : ਗੋਆ ਦੇ ਪਾਮ ਫਰਿੰਜਡ ਬੀਚਾਂ, ਕਸ਼ਮੀਰ ਦੀਆਂ ਬਰਫ਼ ਢਕੀਆਂ ਪਹਾੜੀਆਂ ਕਾਜ਼ੀਰੰਗਾ (ਅਸਾਮ) ਦੇ ਨੈਸ਼ਨਲ ਪਾਰਕ ਦੀ ਬਨਸਪਤੀ ਤੇ ਜੰਗਲ਼ੀ ਜੀਵ ਜੰਤੂ ਅਤੇ ਜੈਸਲਮੇਰ ਦਾ ਥਾਰ ਮਾਰੂਥਲ ਆਦਿ।



Beach in Goa



Kaziranga National Park

ਮਨੁੱਖ ਵਲੋਂ ਨਿਰਮਿਤ ਸੈਰ-ਸਪਾਟਾ ਉਤਪਾਦ : ਇਹ ਉਹ ਉਤਪਾਦ ਹੁੰਦੇ ਹਨ ਜੋ ਮਨੁੱਖ ਵੱਲੋਂ ਨਿਰਮਿਤ ਕੀਤੇ ਹੁੰਦੇ ਹਨ। ਅਜਿਹੇ ਕਈ ਸੈਰ-ਸਪਾਟਾ ਉਤਪਾਦ ਹਨ ਜੋ ਮਨੁੱਖ ਨੇ ਸੈਲਾਨੀਆਂ ਦੇ ਆਕਰਸ਼ਣ ਲਈ ਬਣਾਏ ਹਨ। ਓਹਨਾਂ 'ਚ ਅਜਾਇਬਘਰ, ਕੈਸੀਨੋ, ਥੀਮ ਪਾਰਕ ਆਦਿ ਆ ਜਾਂਦੇ ਹਨ। ਕੁਝ ਅਜਿਹੇ ਮਨੁੱਖ ਵੱਲੋਂ ਨਿਰਮਿਤ ਸੈਰ-ਸਪਾਟਾ ਉਤਪਾਦ ਵੀ ਹਨ ਜੋ ਮੂਲ ਤੌਰ 'ਤੇ ਸੈਲਾਨੀਆਂ ਦੀ ਖਿੱਚ ਲਈ ਨਹੀਂ ਬਣਾਏ ਗਏ। ਇਹਨਾਂ ਵਿੱਚ ਕਿਲੇ, ਮਹੱਲ, ਮੰਦਰ ਆਦਿ ਆ ਜਾਂਦੇ ਹਨ।

ਮਨੁੱਖ ਵੱਲੋਂ ਨਿਰਮਿਤ ਆਕਰਸ਼ਣਾਂ ਵਿੱਚ ਕਿਸੇ ਸਥਾਨ ਦੇ ਰਸਮੋ-ਰਿਵਾਜ ਤੇ ਰਵਾਇਤਾਂ ਵੀ ਆ ਜਾਂਦੀਆਂ ਹਨ ਜਿਵੇਂ ਕਿ ਲੋਕ-ਨਾਚ, ਕਲਾਸੀਕਲ ਨ੍ਰਿਤ, ਸੰਗੀਤ, ਦਸਤਕਾਰੀ, ਮੇਲੇ ਤੇ ਸਮਾਰੋਹ ਆਦਿ ਵੀ ਮਨੁੱਖ ਵੱਲੋਂ ਬਣਾਏ ਗਏ ਆਕਰਸ਼ਣ ਹਨ।

ਉਦਾਹਰਨ : ਤਾਜ-ਮਹੱਲ, ਲਾਲ ਕਿਲ੍ਹਾ, ਇੰਡੀਆ ਗੇਟ, ਗੁਜਰਾਤ ਲੋਥਲ ਮਹੱਤਵਪੂਰਨ ਪੁਰਾਤਤਵ ਸਥਾਨ ਹਨ, ਸਿੰਧ ਘਾਟੀ ਦੀ ਸੱਭਿਅਤਾ ਵਾਲੀ ਥਾਂ, ਨਵੀਂ ਦਿੱਲੀ ਦਾ ਨੈਸ਼ਨਲ ਮਿਊਜ਼ੀਅਮ, ਪੰਜਾਬ ਦਾ ਭੰਗੜਾ, ਮਧੂਬਨੀ ਦੇ ਚਿੱਤਰ, ਬਿਹਾਰ ਦੇ ਚਿਤਰ ਮੁਰਾਦਾਬਾਦ ਦਾ ਬਰਾਸ ਵਰਕ।



Taj Mahal



Folk Dance of Punjab Bhangra

## ਸਥਾਨ ਅਧਾਰਿਤ ਸੈਰ-ਸਪਾਟਾ ਉਤਪਾਦ-:

ਜਦੋ ਆਕਰਸ਼ਣ ਦਾ ਕਾਰਨ ਕੋਈ ਸਥਾਨ ਹੋਵੇ ਉਸ ਨੂੰ ਸਥਾਨ ਅਧਾਰਿਤ ਸੈਰ-ਸਪਾਟਾ ਉਤਪਾਦ ਕਿਹਾ ਜਾਂਦਾ ਹੈ। ਜਿਵੇਂ ਤਾਜ-ਮਹੱਲ ਦਾ ਸਥਾਨ, ਕੰਨਿ੍ਆਂ ਕੁਮਾਰੀ 'ਚ ਸੂਰਜ ਛਿਪਣ ਦਾ ਨਜ਼ਾਰਾ।



ਕੰਨਿਆਂ ਕੁਮਾਰੀ ਵਿਖੇ ਸੂਰਜ ਛਿਪਣ ਦਾ ਨਜ਼ਾਰਾ

<u>**ਘਟਨਾ ਆਧਾਰਿਤ ਸੈਰ-ਸਪਾਟਾ ਉਤਪਾਦ :**</u> ਕਈ ਘਟਨਾਵਾਂ ਸੈਲਾਨੀਆਂ ਨੂੰ ਦਰਸ਼ਕਾਂ ਵਜੋਂ ਆਕਰਸ਼ਿਤ ਕਰਦੀਆਂ ਹਨ ਤੇ ਕਈ ਵਾਰ ਸੈਲਾਨੀ ਦਰਸ਼ਕ ਤੇ ਹਿੱਸੇਦਾਰ ਦੋਵੇਂ ਹੀ ਹੁੰਦੇ ਹਨ। ਅਹਿਮਦਾਬਾਦ ਦੀ ਪਤੰਗਬਾਜ਼ੀ, ਸੈਲਾਨੀਆਂ ਨੂੰ ਦਰਸ਼ਕਾਂ ਤੇ ਹਿੱਸੇਦਾਰਾਂ ਦੋਹੇਂ ਤਰ੍ਹਾਂ ਆਕਰਸ਼ਿਤ ਕਰਦੀ ਹੈ ਕਿਉਂਕਿ ਦਰਸ਼ਕ ਪਤੰਗਬਾਜ਼ੀ ਵਿੱਚ ਵੀ ਹਿੱਸਾ ਲੈ ਸਕਦੇ ਹਨ। ਸੈਲਾਨੀ ਕਈ ਮੌਕਿਆਂ ਤੇ ਸਿਰਫ਼ ਦਰਸ਼ਕ ਹੀ ਹੁੰਦੇ ਹਨ ਜਿਵੇਂ ਕਿ ਓਲੰਪਿਕ ਖੇਡਾ ਅਤੇ ਖਾਜਰਾਹੋ ਦਾ ਨ੍ਰਿਤ ਮੇਲਾ।



ਹੋਲੀ ਦਾ ਤਿਉਹਾਰ

## 2.7 ਸੈਰ-ਸਪਾਟਾ ਉਤਪਾਦਾਂ ਦੀ ਸੁਰੱਖਿਆ

ਸੈਲਾਨੀ ਕਿਸੇ ਸੈਰ-ਸਪਾਟਾ ਥਾਂ ਦੇ ਵਿਲੱਖਣ ਸੈਰ-ਸਪਾਟਾ ਉਤਪਾਦ ਵੇਖਣ ਲਈ ਉੱਥੇ ਜਾਂਦੇ ਹਨ। ਇਹਨਾਂ ਸੈਰ-ਸਪਾਟਾ ਉਤਪਾਦਾਂ ਦੀ ਸੁਰੱਖਿਆ ਤੇ ਸਾਂਭ ਸੰਭਾਲ਼ ਵੀ ਜਰੂਰੀ ਹੁੰਦੀ ਹੈ ਤਾਂ ਕਿ ਲੰਬੇ ਸਮੇਂ ਤੱਕ ਲੋਕ ਤੇ ਸੈਲਾਨੀ ਉਹਨਾਂ ਦਾ ਆਨੰਦ ਮਾਣ ਸਕਣ। ਸੈਰ-ਸਪਾਟਾ ਉਤਪਾਦ ਬੇਹੱਦ ਅਣਮੋਲ ਖਜ਼ਾਨਾ ਹੁੰਦੇ ਹਨ, ਜਿਨ੍ਹਾਂ ਦਾ ਆਨੰਦ ਲੈਣ ਲਈ ਹੀ ਸੈਲਾਨੀ ਉਸ ਥਾਂ ’ਤੇ ਆਉਂਦੇ ਹਨ। ਉਹਨਾਂ ਦੇ ਆਉਣ ਨਾਲ ਉਸ ਸੈਰ-ਸਪਾਟਾ ਥਾਂ ਨੂੰ ਆਮਦਨੀ ਵੀ ਹੁੰਦੀ ਹੈ। ਇਹ ਉਤਪਾਦ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤਕ ਦਾ ਸਰਮਾਇਆ ਬਣਦੇ ਰਹਿੰਦੇ ਹਨ। ਇਸ ਲਈ ਸਥਾਨਕ ਲੋਕਾਂ ਤੇ ਸੈਲਾਨੀਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਇਹਨ੍ਹਾਂ ਸੈਰ-ਸਪਾਟਾ ਉਤਪਾਦਾਂ ਨੂੰ ਸੁਰੱਖਿਅਤ ਰੱਖਿਆ ਜਾਵੇ। ਸਥਾਨਕ ਲੋਕਾਂ ਨੂੰ ਆਪਣੇ ਇਹਨ੍ਹਾਂ ਉਤਪਾਦਾਂ ‘ਤੇ ਮਾਣ ਵੀ ਹੋਣਾ ਚਾਹੀਦਾ ਹੈ। ਸਥਾਨਕ ਲੋਕਾਂ ਤੇ ਸੈਲਾਨੀਆਂ ਦੋਵਾਂ ਨੂੰ ਹੀ ਇਹਨਾਂ ਸੈਰ-ਸਪਾਟਾ ਥਾਂਵਾਂ ਦੀ ਯਾਤਰਾ ਸਮੇਂ ਜ਼ਿੰਮੇਵਾਰੀ ਤੋਂ ਕੰਮ ਲੈਣਾ ਚਾਹੀਦਾ ਹੈ। ਇਹਨਾਂ ਵਿਸ਼ੇਸ਼ ਸਮਾਰਕਾਂ, ਨੈਸ਼ਨਲ ਪਾਰਕਾਂ ਦੀ ਸੁਰੱਖਿਆ ਲਈ ਹੇਠ-ਲਿਖੇ ਨਿਯਮ ਅਪਣਾਏ ਜਾ ਸਕਦੇ ਹਨ :

a) ਕੋਈ ਇਹਨਾਂ 'ਤੇ ਝਰੀਟਾਂ ਮਾਰ ਕੇ ਇਹਨਾਂ ਦਾ ਸਰੂਪ ਨਾ ਵਿਗਾੜੇ ਤੇ ਨਾ ਹੀ ਇਹਨਾਂ 'ਤੇ ਨਾਜਾਇਜ਼ ਕਬਜ਼ਾ ਕਰੇ।

b) ਕੋਈ ਇੱਥੇ ਗੰਦ ਨਾ ਪਾਵੇ, ਕਚਰਾ ਆਦਿ ਸੁੱਟਣ ਲਈ ਕੂੜੇਦਾਨਾਂ ਦੀ ਵਰਤੋਂ ਕਰੇ।

c) ਹਰੇਕ ਉਤਪਾਦ ਬਾਰੇ ਪੂਰੀ ਤੇ ਠੀਕ ਜਾਣਕਾਰੀ ਉਪਲਬਧ ਕਰਵਾਈ ਜਾਵੇ।

d) ਪਲਾਸਟਿਕ ਦੇ ਲਿਫ਼ਾਫ਼ੇ ਨਾ ਵਰਤੇ ਜਾਣ।

e) ਧੂਮਰਪਾਨ / ਸਿਗਰਟ ਨੋਸ਼ੀ ਨਾ ਕੀਤੀ ਜਾਵੇ।

f) ਰੌਲ਼ਾ-ਰੱਪਾ ਨਾ ਪਾਇਆ ਜਾਵੇ।

g) ਸਥਾਨਕ ਰਸਮੋ-ਰਿਵਾਜਾਂ ਤੇ ਰਵਾਇਤਾਂ ਦਾ ਸਤਿਕਾਰ ਕੀਤਾ ਜਾਵੇ।

## 2.8 ਸਾਰ-:

ਹਰੇਕ ਦੇਸ਼ ਵਿੱਚ ਭੌਤਿਕ ਤੇ ਸੱਭਿਆਚਾਰਿਕ ਸ੍ਰੋਤ ਹੁੰਦੇ ਹਨ। ਇਹ ਸ੍ਰੋਤ ਹੀ ਸੈਰ-ਸਪਾਟਾ ਉਤਪਾਦਾਂ ਦਾ ਆਧਾਰ ਹੁੰਦੇ ਹਨ, ਭਾਵੇਂ ਹਰੇਕ ਸ੍ਰੋਤ ਸੈਰ-ਸਪਾਟਾ ਉਤਪਾਦ ਨਹੀਂ ਬਣ ਸਕਦਾ। ਸੈਲਾਨੀ ਵੱਖ-ਵੱਖ ਥਾਂਵਾਂ 'ਤੇ ਇਹ ਸੈਰ-ਸਪਾਟਾ ਉਤਪਾਦਾਂ ਦਾ ਆਨੰਦ ਲੈਣ ਜਾਂਦਾ ਹੈ। ਸੈਲਾਨੀ ਇੱਥੇ ਜਾ ਕੇ ਆਨੰਦ ਪ੍ਰਾਪਤ ਕਰਦਾ ਹੈ ਮੌਜ ਮੇਲਾ ਕਰਦਾ ਹੈ, ਤੇ ਇਹਨਾਂ ਉਤਪਾਦਾਂ ਜ਼ਰੀਏ ਆਪਣੀਆਂ ਧਾਰਮਿਕ ਤੇ ਵਪਾਰਕ ਲੋੜਾਂ ਦੀ ਪੂਰਤੀ ਕਰਦਾ ਹੈ। ਸੈਰ-ਸਪਾਟਾ ਉਤਪਾਦਾਂ ਦੀ ਬਦੌਲਤ ਹੀ ਸੈਲਾਨੀ ਉਹਨਾਂ ਥਾਂਵਾਂ ਵੱਲ ਅਕਰਸ਼ਿਤ ਹੁੰਦਾ ਹੈ ਇਸ ਪ੍ਰਕਾਰ ਸੈਰ-ਸਪਾਟਾ ਥਾਂ ਨੂੰ ਕਮਾਈ ਵੀ ਹੁੰਦੀ ਹੈ। ਇਸ ਲਈ ਸਥਾਨਕ ਲੋਕਾਂ ਤੇ ਸੈਲਾਨੀਆਂ ਦੋਵਾਂ ਨੂੰ ਹੀ ਇਹਨਾਂ ਉਤਪਾਦਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ।

## ਅਭਿਆਸ

**ਪ੍ਰਸ਼ਨ** 1. ਕੁਦਰਤੀ ਸੈਰ-ਸਪਾਟਾ ਉਤਪਾਦਾਂ ਤੋਂ ਤੁਸੀਂ ਕੀ ਸਮਝਦੇ ਹੋ?

**ਪ੍ਰਸ਼ਨ** 2. ਹੇਠ ਲਿਖਿਆਂ ਨੂੰ ਮੇਲ਼ੋ-:

a) ਤਾਜਮਹੱਲ ਕੁਦਰਤੀ ਸੈਰ ਸਪਾਟਾ ਉਤਪਾਦ

b) ਜਿਮ ਕੌਰ ਬੈਟ ਨੈਸ਼ਨਲ ਪਾਰਕ ਮਨੁਖ ਵੱਲੋਂ ਨਿਰਮਿਤ ਸੈਰ-ਸਪਾਟਾ ਉਤਪਾਦ

c) ਮਥੁਰਾ ਦੀ ਹੋਲੀ ਸਥਾਨ ਆਧਾਰਿਤ ਸੈਰ-ਸਪਾਟਾ ਉਤਪਾਦ

d) ਕੰਨਿਆ ਕੁਮਾਰੀ ਵਿਖੇ ਘਟਨਾ ਆਧਾਰਿਤ ਸੈਰ-ਸਪਾਟਾ ਉਤਪਾਦ ਸੂਰਜ ਛਿਪਣ ਦਾ ਨਜ਼ਾਰਾ

**ਪ੍ਰਸ਼ਨ** 3. ਜੇ ਤੁਸੀਂ ਆਪਣੇ ਸ਼ਹਿਰ ਵਿਚਲੇ ਕਿਸੇ ਸਮਾਰਕ ਨੂੰ ਸੈਰ-ਸਪਾਟਾ ਉਤਪਾਦ 'ਚ ਬਦਲਣਾ ਚਾਹੰਦੇ ਹਾਂ ਤਾਂ ਉਹ ਪੰਜ ਮੁਢਲੇ ਤੱਤਾਂ ਦਾ ਵਰਨਣ ਕਰੋ ਜੋ ਸ੍ਰੋਤ ਨੂੰ ਸੈਰ-ਸਪਾਟਾ ਉਤਪਾਦ ਬਣਾਉਣ ਲਈ ਜ਼ਰੂਰੀ ਹਨ :

**ਪ੍ਰਸ਼ਨ** 4. ਹੇਠ ਲਿਖਿਆਂ 'ਚੋਂ ਸਹੀ / ਗਲਤ ਦੱਸੋ :

a) ਪਹਾੜੀਆਂ ਸੈਰ-ਸਪਾਟੇ ਦੇ ਕੁਦਰਤੀ ਸ੍ਰੋਤ ਹਨ ਠੀਕ / ਗਲਤ

b) ਅਹਿਮਦਾਬਾਦ ਦਾ ਪਤੰਗਬਾਜ਼ੀ ਮੇਲਾ ਸੈਰ-ਸਪਾਟਾ ਉਤਪਾਦ ਹੈ ਠੀਕ / ਗਲਤ

c) ਸੈਰ-ਸਪਾਟਾ ਉਤਪਾਦ ਸੈਲਾਨੀ ਦੇ ਘਰ ਵਿਚ ਹੁੰਦੇ ਹਨ ਠੀਕ /ਗਲਤ

d) ਸੈਲਾਨੀ ਸੈਰ-ਸਪਾਟਾ ਉਤਪਾਦਾਂ ਦਾ ਮਾਲਕ ਬਣ ਸਕਦਾ ਹੈ ਠੀਕ / ਗਲਤ

e) ਕਿਸੇ ਦੇਸ ਦੇ ਸਾਰੇ ਸ੍ਰੋਤ ਸੈਰ-ਸਪਾਟਾ ਉਤਪਾਦ ਬਣ ਸਕਦੇ ਹਨ ਠੀਕ / ਗਲਤ

**ਪ੍ਰਸ਼ਨ** 5. ਉਹਨਾਂ ਪੰਜ ਸਮਾਰਕਾਂ ਦੇ ਨਾਂ ਲਿਖੋ ਜੋ ਭਾਰਤ ਦੇ ਮਹੱਤਵਪੂਰਨ ਸੈਰ-ਸਪਾਟਾ ਉਤਪਾਦ ਹਨ।

# ਯੂਨਿਟ - 3 ਸੈਰ-ਸਪਾਟਾ ਵਪਾਰ

## ਸਮੱਗਰੀ


3.0 ਯੂਨਿਟ 'ਤੇ ਸਰਸਰੀ ਨਜ਼ਰ ਤੇ ਵੇਰਵੇ

3.1 ਜਾਣਕਾਰੀ

3.2 ਸੈਰ-ਸਪਾਟਾ ਵਪਾਰ ਦਾ ਵਿਕਾਸ

3.2.1 ਸਿਲਕ ਰੂਟ

3.2.2 ਦਿ ਗਰੈਂਡ ਟੂਰ

3.3.3 ਆਧੁਨਿਕ ਸੈਰ-ਸਪਾਟਾ

3.3 ਸੈਰ-ਸਪਾਟੇ ਦੇ ਵਿਚੋਲੇ (ਸਾਲਸ) 'ਤੇ ਉਹਨਾਂ ਦੇ ਸੰਪਰਕ

3.4 ਆਧੁਨਿਕ ਭਾਰਤ ਵਿੱਚ ਸੈਰ-ਸਪਾਟਾ

3.5 ਸਾਰ


## 3.0 ਯੂਨਿਟ 'ਤੇ ਸਰਸਰੀ ਨਜ਼ਰ ਤੇ ਵੇਰਵੇ

ਤੁਹਾਨੂੰ ਪਿਛਲੇ ਯੂਨਿਟ ਵਿੱਚ ਸੈਰ-ਸਪਾਟਾ ਸਨਅਤ ਬਾਰੇ ਜਾਣੂ ਕਰਵਾਇਆ ਗਿਆ ਹੈ। ਇਸ ਨਾਲ਼ ਹੁਣ ਤੁਸੀਂ ਇਹ ਜਾਣ ਗਏ ਹੋ ਕਿ ਸੈਰ-ਸਪਾਟੇ ਦਾ ਸੰਕਲਪ ਕੀ ਹੈ ਅਤੇ ਕਿਹੜੇ- ਕਿਹੜੇ ਤੱਤ ਸੈਰ-ਸਪਾਟਾ ਸਨਅਤ ਨਾਲ਼ ਸੰਬੰਧਿਤ ਹਨ ਜਿਵੇਂ ਕਿ ਮੌਜ ਮੇਲਾ, ਸੈਲਾਨੀ, ਯਾਤਰੀ, ਆਦਿ। ਇਸ ਯੂਨਿਟ ਵਿੱਚ ਤੁਹਾਨੂੰ ਭਾਰਤ ਵਿੱਚ ਤੇ ਵਿਸ਼ਵ ਭਰ ਵਿੱਚ ਸੈਰ-ਸਪਾਟਾ ਵਪਾਰ ਦੇ ਵਿਕਾਸ ਬਾਰੇ ਦੱਸਿਆ ਜਾਵੇਗਾ। ਇਹ ਯੂਨਿਟ ਤੁਹਾਨੂੰ ਇਹ ਜਾਣਨ ਵਿੱਚ ਮਦਦ ਕਰੇਗਾ ਕਿ :-

- ਸੈਰ-ਸਪਾਟਾ ਵਪਾਰ ਦਾ ਵਿਸ਼ਵ ਪੱਧਰ 'ਤੇ ਵਿਕਾਸ ਬਾਰੇ ਸਮਝਣਾ
- ਸੈਰ-ਸਪਾਟੇ ਨਾਲ ਸੰਬੰਧਿਤ ਮੁੱਖ ਗਤੀਵਿਧੀਆਂ ਜਿਵੇਂ ਕਿ ਗਰੈਂਡ ਟੂਰ, ਬਾਰੇ ਜਾਣਨਾ
- ਸਿਲਕ ਰੂਟ ਤੇ ਸਿਲਕ ਰੂਟ ਟੂਰ ਬਾਰੇ ਜਾਣਨਾ
- ਉਹਨਾਂ ਸੱਨਅਤਾਂ ਦੀ ਪਛਾਣ ਕਰਨਾ ਜੋ ਸੈਰ-ਸਪਾਟਾ ਸੱਨਅਤ ਦੇ ਵਿਚੋਲਿਆਂ (ਸਾਲਸਾਂ)

ਵਜੋਂ ਕੰਮ ਕਰਦੀਆਂ ਹਨ।

- ਭਾਰਤੀ ਰੇਲਵੇ ਵੱਲੋਂ ਪੇਸ਼ ਕੀਤੇ ਜਾਂਦੇ 'ਟੂਰ ਪੈਕੇਜ' ਬਾਰੇ ਜਾਣਕਾਰੀ

**ਸ੍ਰੋਤ ਸਮਗਰੀ**

1. ਚਾਂਦ ਐਮ (2002) ਟਰੈਵਲ ਏਜੰਸੀ ਮੈਨੇਜਮੈਂਟ : ਐਨ ਇੰਟਰੋਡਕਟਰੀ ਟੈਕਸਟ, ਅਨਮੋਲ ਪਬਲੀਨੇਸ਼ਨਜ਼ ਪ੍ਰਾਈ, ਲਿਮ. ਨਵੀਂ ਦਿੱਲੀ।

2. ਨੇਗੀ ਜੇ (2005) ਟਰੈਵਲ ਏਜੰਸੀ ਆਪਰੇਸ਼ਨਜ਼ : ਕਾਨਸੈਪਟਸ ਐਂਡ ਪ੍ਰਿੰਸੀਪਲਜ਼, ਕਨਿਸ਼ਕ, ਨਵੀਂ ਦਿੱਲੀ। ਹੋਲੋਵੇਅ ਜੇ. ਸੀ. (2002) ਦਿ ਬਿਜ਼ਨਸ ਆਫ ਟੂਰਿਜ਼ਮ, ਪਰੈਂਟਿਸ ਹਾਲ ਲੰਦਨ ਸੀ.ਸੀ. 220 – 279

3. ਰੋਡੇਅ ਐਸ ਬੀਵਲ, ਏ ਐਂਡ ਜੋਸ਼ੀ. ਵੀ. (2009) ਟੂਰਿਜ਼ਮ ਆਪਰੇਸ਼ਨਜ਼ ਐਂਡ ਮੈਨੇਜਮੈਂਟ, ਆਕਸਫੋਰਡ ਯੂਨੀਵਰਸਿਟੀ, ਪ੍ਰੈੱਸ ਨਵੀਂ ਦਿੱਲੀ ਪੀ.ਪੀ. 164 – 296

4. ਗੋਇਲਡਨਰ, ਆਰ. ਐਂਡ ਰਿਚੀ ਬੀ. (2010) ਟੂਰਿਜ਼ਮ ਪ੍ਰਿੰਸੀਪਲਜ਼, ਪ੍ਰੈਕਟਿਸਜ਼ ਐਂਡ ਫਿਲਸਫੀਜ਼, ਜੌਹਨ ਵਿਲੀ ਐਂਡ ਸਨਜ਼, ਲੰਦਨ।

**ਮੁੱਲਾਂਕਣ ਯੋਜਨਾ -:**

ਅਭਿਆਸ : ਪ੍ਰਸ਼ਨ ਤੇ ਉਤਰ, ਡਿਬੇਟ ਤੇ ਗਰੁੱਪਾਂ ਵਿੱਚ ਵਿਚਾਰ ਵਟਾਂਦਰਾ।

## 3.1 ਜਾਣਕਾਰੀ -:

ਸੈਰ-ਸਪਾਟਾ ਵਪਾਰ ਲਗਾਤਾਰ ਬਦਲਦਾ ਤੇ ਵਿਕਾਸ ਕਰਦਾ ਆਇਆ ਹੈ। ਇਹ ਸੈਲਾਨੀਆਂ ਦੀਆਂ ਲੋੜ ਨੂੰ ਮੁੱਖ ਰੱਖ ਕੇ ਸਮੇਂ ਸਮੇਂ ਆਪਣੇ ਵਿੱਚ ਤਬਦੀਲੀ ਕਰਦਾ ਰਿਹਾ ਹੈ। ਸੈਰ-ਸਪਾਟੇ ਦੇ ਬਦਲਦੇ ਸੁਭਾਅ ਦੇ ਕਈ ਕਾਰਨ ਹਨ ; ਜਿਵੇਂ ਕਿ ਮਨੁੱਖ ਵਿੱਚ ਜੋ ਕੁਝ ਅਜੇ ਅਣਖੋਜਿਆ ਪਿਆ ਹੈ ਉਸ ਬਾਰੇ ਖੋਜਣ ਦੀ ਹਮੇਸ਼ਾ ਇੱਛਾ ਰਹੀ ਹੈ, ਸਾਡੇ ਵਿੱਚ ਨਵੀਂ ਤੋਂ ਨਵੀਂ ਜਾਣਕਾਰੀ ਲੈਣ, ਕੁਝ ਨਵਾਂ ਅਪਨਾਉਣ, ਨਵੇਂ-ਨਵੇਂ ਸੁਹਜ-ਸੁਆਦਾਂ ਤੇ ਰੋਮਾਂਚ ਦੀ ਵੀ ਹਮੇਸ਼ਾ ਇੱਛਾ ਰਹੀ ਹੈ। ਮਨੁੱਖੀ ਸੁਭਾਅ ਦੇ ਨਾਲ਼-ਨਾਲ਼ ਤਕਨਾਲੋਜੀ ਦੇ ਵਿਕਾਸ ਨਾਲ਼ ਨਵੀਆਂ ਨਵੀਆਂ ਖੋਜਾਂ ਤੇ ਲੱਭਤਾਂ ਸਾਹਮਣੇ ਆਈ ਹਨ

ਜਿਨ੍ਹਾਂ ਨੇ ਸੈਲਾਨੀਆਂ ਦੇ ਫ਼ੈਸਲਿਆਂ ਨੂੰ ਵੀ ਪ੍ਰਭਾਵਿਤ ਕੀਤਾ ਹੈ। ਮਿਸਾਲ ਦੇ ਤੌਰ 'ਤੇ ਕੁਝ ਸਾਲ ਪਹਿਲਾਂ ਤੱਕ ਪੁਲਾੜ ਯਾਤਰਾ ਨੂੰ ਵਿਗਿਆਨੀਆਂ ਤੇ ਪੁਲਾੜ ਯਾਤਰੀਆਂ ਤੱਕ ਹੀ ਸੀਮਤ ਸਮਝਿਆ ਜਾਂਦਾ ਸੀ ਪਰ ਹੁਣ ਇਹ ਆਧੁਨਿਕ ਸੈਲਾਨੀਆਂ ਲਈ ਯਾਤਰਾ ਦਾ ਨਵਾਂ ਖੇਤਰ ਬਣ ਗਿਆ ਹੈ। ਕਈ ਨਿੱਜੀ ਕੰਪਨੀਆਂ ਨੇ ਪੁਲਾੜ ਯਾਤਰਾ ਦੇ ਪੈਕੇਜ ਦੇਣੇ ਵੀ ਸ਼ੁਰੂ ਕਰ ਦਿੱਤੇ ਹਨ। ਭਵਿਖੀ ਯੋਜਨਾਵਾਂ ਵਿੱਚ ਚੰਦ ਤੇ ਮੰਗਲ ਗ੍ਰਹਿ ਦੀ ਯਾਤਰਾ ਦੇ ਪੈਕੇਜ ਵੀ ਸੈਲਾਨੀਆਂ ਲਈ ਪੇਸ਼ ਕੀਤੇ ਜਾ ਸਕਦੇ ਹਨ। ਸੈਰ-ਸਪਾਟਾ ਵਪਾਰ ਸਾਡੇ ਗ੍ਰਹਿ ਧਰਤੀ ਤੇ ਵੱਖ-ਵੱਖ ਉਤੇਜਿਕ ਤੇ ਦਿਲਕਸ਼ ਥਾਵਾਂ ਤੱਕ ਸੀਮਤ ਨਹੀਂ ਰਿਹਾ ਬਲਕਿ ਹੁਣ ਧਰਤੀ ਤੋਂ ਪਰੇ ਤੱਕ ਵੀ ਸੈਰ-ਸਪਾਟਾ ਵਪਾਰ ਫੈਲ ਗਿਆ ਹੈ। ਹੇਠਾਂ ਸਿਰਫ਼ ਦੋ ਸੰਸਥਾਵਾਂ ਦੇ ਲੋਗੋ ਹੀ ਦਿੱਤੇ ਗਏ ਹਨ ਜੋ ਸੈਲਾਨੀਆਂ ਨੂੰ ਪੁਲਾੜ ਯਾਤਰਾ ਦੀ ਪੇਸ਼ਕਸ਼ ਕਰਦੀਆਂ ਹਨ :-

Source: www.spaceadventures.com

Source: www.virgingalactic.com

ਇਸ ਯੂਨਿਟ ਵਿੱਚ ਸੈਰ-ਸਪਾਟਾ ਵਪਾਰ ਬਾਰੇ ਇਸ ਦੇ ਮੁਢਲੇ ਦਿਨਾਂ ਤੋਂ ਲੈ ਕੇ, ਸਮੇਂ ਸਮੇਂ ਹੁੰਦੇ ਰਹੇ ਵਿਕਾਸ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਸ ਯੂਨਿਟ ਵਿੱਚ ਸੈਰ-ਸਪਾਟਾ ਵਪਾਰ ਦੇ ਬਦਲਦੇ ਸਰੂਪ, ਕੁਝ ਮਹੱਤਵਪੂਰਨ ਸੈਰ-ਸਪਾਟਾ ਘਟਨਾਵਾਂ, ਜਿਨ੍ਹਾਂ ਨੇ ਸੈਰ-ਸਪਾਟਾ ਤੇ ਵਿਸ਼ੇਸ਼ ਕਰਕੇ ਆਧੁਨਿਕ ਸੈਰ-ਸਪਾਟਾ ਵਪਾਰ 'ਤੇ ਵਿਸ਼ੇਸ਼ ਪ੍ਰਭਾਵ ਪਾਇਆ, ਦਾ ਜ਼ਿਕਰ ਵੀ ਕੀਤਾ ਗਿਆ ਹੈ। ਇਸ ਯੂਨਿਟ ਵਿੱਚ ਵਿਸ਼ਵ ਸੈਰ-ਸਪਾਟਾ ਵਪਾਰ ਤੇ ਭਾਰਤ ਵਿਚਲੇ ਸੈਰ-ਸਪਾਟਾ ਵਪਾਰ ਬਾਰੇ ਵੀ ਤੁਹਾਨੂੰ ਜਾਣਕਾਰੀ ਮਿਲ਼ੇਗੀ।


## 3.2 ਸੈਰ-ਸਪਾਟਾ ਵਪਾਰ ਦੀ ਉਤਪਤੀ

ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਮਨੁੱਖ ਹਮੇਸ਼ਾ ਹੀ ਯਾਤਰਾ ਕਰਦਾ ਰਿਹਾ ਹੈ। ਸਾਡੀਆਂ ਇਤਿਹਾਸਿਕ ਪੁਸਤਕਾਂ ਸਾਨੂੰ ਸਾਡੇ ਵਡੇਰਿਆਂ ਦੇ ਖ਼ਾਨਾਬਦੋਸ਼ ਜੀਵਨ ਢੰਗ ਬਾਰੇ ਭਲੀਭਾਂਤ ਜਾਣੂ ਕਰਵਾਉਂਦੀਆਂ ਹਨ, ਜੋ ਆਪਣੀਆਂ ਮੁਢਲੀਆਂ ਲੋੜਾਂ – ਕੁੱਲੀ ਤੇ ਗੁੱਲੀ ਦੀ ਪੂਰਤੀ ਲਈ ਹਮੇਸ਼ਾ ਸਫ਼ਰ 'ਤੇ ਰਹਿੰਦੇ ਸਨ। ਸਮੇਂ ਦੇ ਬੀਤਣ ਨਾਲ਼ ਅਸੀਂ ਇੱਕੋ ਥਾਂ 'ਤੇ ਰਹਿ ਕੇ ਆਪਣੀਆਂ ਲੋੜਾਂ ਪੂਰੀਆਂ ਕਰਨਾ ਸਿੱਖ ਗਏ, ਇਸ ਨਾਲ਼ ਯਾਤਰਾ ਦਾ ਢੰਗ ਵੀ ਬਦਲ ਗਿਆ। ਇਤਿਹਾਸਿਕ ਹਵਾਲਿਆਂ ਤੋਂ ਪਤਾ ਲੱਗਦਾ ਹੈ ਕਿ ਸਮੇਂ ਨਾਲ਼ ਯਾਤਰਾ ਦੇ ਢੰਗ ਵੀ ਬਦਲ ਗਏ, ਪਹਿਲਾਂ ਇਹ ਆਪਣੀਆਂ ਲੋੜਾਂ ਦੀ ਪੂਰਤੀ ਲਈ ਨਵੇਂ-ਨਵੇਂ ਥਾਂਵਾਂ ਦੀ ਭਾਲ ਚ ਰਹਿੰਦੇ ਸਨ ਫਿਰ ਵਪਾਰ, ਧਰਮ ਪ੍ਰਚਾਰ, ਧਾਰਮਿਕ ਵਿਸ਼ਵਾਸਾਂ ਦੀ ਸੰਤੁਸ਼ਟੀ, ਮੌਕੇ ਅਤੇ ਕਾਲ਼ ਤੋਂ ਬਚਾਓ ਲਈ ਨਵੀਆਂ ਥਾਂਵਾਂ ਦੀ ਭਾਲ਼, ਨਵੀਆਂ ਧਰਤੀਆਂ 'ਤੇ ਸੈਨਿਕ ਕਾਰਵਾਈ ਕਰਕੇ ਆਪਣੀ ਬਾਦਸ਼ਾਹਤ ਕਾਇਮ ਕਰਨਾ। ਫਿਰ ਵੀ ਇਹ ਕਹਿਣਾ ਮੁਸ਼ਕਲ ਹੈ ਕਿ ਮਨੁੱਖ ਨੇ ਕਦੋਂ ਕੁ ਯਾਤਰਾ ਕਰਨੀ ਸ਼ੁਰੂ ਕੀਤੀ ਤੇ ਸੈਰ–ਸਪਾਟਾ ਗਤੀ ਵਿਧੀਆਂ ਵਿੱਚ ਕਦੋਂ ਕੁ ਹਿਸਾ ਲੈਣਾ ਸ਼ੁਰੂ ਕੀਤਾ ਤੇ ਅੱਜ ਵਾਲੀ ਸੈਰ–ਸਪਾਟਾ ਸੱਨਅਤ ਸਥਾਪਤ ਹੋ ਗਈ। ਸੈਰ–ਸਪਾਟੇ ਦੀ ਸੱਨਅਤ ਵਜੋਂ ਉਤਪਤ ਜਿਵੇਂ ਕਿ ਅਸੀਂ ਅੱਜ ਵੇਖਦੇ ਹਾਂ, ਨੂੰ ਸਮਝਣ ਲਈ ਸਾਨੂੰ ਮੁੱਢ ਤੋਂ ਹੀ ਸ਼ੁਰੂ ਕਰਨਾ ਪਵੇਗਾ। ਕੁਝ ਪ੍ਰਸਿਧ ਯਾਤਰੀਆਂ ਦੇ ਸਫ਼ਰਨਾਮੇ ਵਾਚ ਕੇ ਅਸੀਂ ਉਹਨਾਂ ਦੀਆਂ ਇਤਿਹਾਸਿਕ, ਮਹਾਂ ਕਾਵਿਕ ਯਾਤਰਾਵਾਂ ਬਾਰੇ ਠੀਕ ਤਰ੍ਹਾਂ ਜਾਣ ਸਕਦੇ ਹਾਂ। ਇਸੇ ਢੰਗ ਨਾਲ ਹੀ ਵੱਖ–ਵੱਖ ਦੇਸਾਂ ਦੀਆਂ ਉਹਨਾਂ ਸਮਿਆਂ ਦੀਆਂ ਸੱਭਿਆਚਾਰਿਕ ਹਾਲਤਾਂ ਬਾਰੇ ਵੀ ਗਰੀਕ ਤਰ੍ਹਾਂ ਸਮਝਿਆ ਜਾ ਸਕਦਾ ਹੈ। ਮਿਸਾਲ ਦੇ ਤੌਰ 'ਤੇ ਚੰਦਰ ਗੁਪਤ ਮੋਰੀਆ ਦੇ ਦਰਬਾਰ 'ਚ ਗਰੀਕ, ਸਫੀਰ ਮੈਗਸਥਨੀਜ਼ ਮੋਰੀਆਂ ਦਰਬਾਰ ਵਿਚਲੇ ਆਪਣੇ ਜੀਵਨ ਬਾਰੇ ਲਿਖਦਾ ਹੈ। ਚੀਨੀ ਯਾਤਰੀ ਫਾਹੀਆਨ ਨੇ 5ਵੀ, ਜੋ ਵੀ ਸਦੀ ਏ. ਡੀ. ਵਿੱਚ ਭਾਰਤ ਆਇਆ, ਹਿਊਨ ਸਾਂਗ ਜੋ ਪ੍ਰਸਿਧ ਬੋਧੀ ਪ੍ਰਚਾਰਕ ਸੀ ਤੇ ਉਹ 14 ਸਾਲ ਭਾਰਤ ਵਿੱਚ ਰਿਹਾ। ਉਹ 630 ਤੋਂ 644 ਏ. ਡੀ. ਤੱਕ ਭਾਰਤ ਵਿੱਚ ਰਿਹਾ, ਨੇ ਵੀ ਆਪਣੀਆਂ ਯਾਦਾਂ ਨੂੰ ਕਲਮ ਬੱਧ ਕੀਤਾ। ਇਹ ਲਿਖਤਾਂ ਇਹ ਸਪਸ਼ਟ ਕਰਦੀਆਂ ਹਨ ਕਿ ਉਦੋਂ ਵੀ ਇੱਕ ਦੇਸ਼ ਤੋਂ ਦੂਜੇ ਦੇਸ ਵੱਲ ਯਾਤਰਾ ਹੋਇਆ ਕਰਦੀ ਸੀ।



**Hsuang Tsang**

**Source:** Wikipedia




Egyptian ship on the Red Sea, about 1250 B.C. [From Torr's "Ancient Ships."]

**Source:** Wikipedia

ਇਹਨਾਂ ਲਿਖਤਾਂ ਦੇ ਨਾਲ਼-ਨਾਲ਼ ਉਹ ਸਬੂਤ ਵੀ ਮੌਜੂਦ ਹਨ ਕਿ ਉਦੋਂ ਇੱਕ ਤੋਂ ਦੂਜੇ ਦੇਸ ਤਕ ਸਮੁੰਦਰਾਂ ਮਹਾਂ ਸਾਗਰਾਂ ਰਾਹੀਂ ਜਹਾਜ਼ਾਂ ਜ਼ਰੀਏ ਵਪਾਰ ਹੋਇਆ ਕਰਦਾ ਸੀ ਅਤੇ ਵੱਖ-ਵੱਖ ਦੇਸਾਂ 'ਚ ਬੰਦਰਗਾਹਾਂ 'ਤੇ ਡੌਕਿੰਗ (ਜਹਾਜ਼ ਨੂੰ ਖੜ੍ਹਾਉਣ ਦਾ ਪ੍ਰਬੰਧ) ਦਾ ਪ੍ਰਬੰਧ ਸੀ। ਸਾਨੂੰ ਮੁਢਲੇ ਰਾਜਿਆਂ - ਗਰੀਕ, ਮਿਸਰ, ਰੋਮਨ ਤੇ ਸੁਮੇਰੀਅਨ ਬਾਰੇ ਵੀ ਲਿਖਤੀ ਸਾਬੂਤ ਮਿਲ਼ਦੇ ਹਨ। ਉਸ ਸਮੇਂ ਯਾਤਰਾ ਸਿਰਫ਼ ਵਪਾਰ ਮੰਤਵ ਲਈ ਹੀ ਨਹੀ ਮਨੋਰੰਜਨ ਮੇਲੇ ਲਈ ਵੀ ਕੀਤੀ ਜਾਂਦੀ ਸੀ। ਇਹਨਾਂ ਰਾਜਾਂ ਵਿੱਚ ਯਾਤਰਾ ਕਰਨ ਦੇ ਵੱਖਰੇ ਕਾਰਨ ਸਨ ਜਿਸ ਨੇ ਮਨੋਰੰਜਨ ਨਾਲ਼ ਸੰਬੰਧਿਤ ਯਾਤਰਾ ਨੂੰ ਉਤਸ਼ਾਹਤ ਕੀਤਾ । ਮਿਸਰ ਦਾ ਨੀਲ ਦਰਿਆ ਪੂਰੇ ਦੇਸ ਨੂੰ ਜੋੜਨ ਵਾਲਾ ਤੱਤ ਹੈ। ਇਸ ਦਰਿਆ ਵਿੱਚ ਜਹਾਜ਼ ਚੱਲ ਸਕਦੇ ਹਨ। ਲੋਕ ਸੜਕੀ ਸਫ਼ਰ ਨਾਲ਼ੋਂ ਸਮੁੰਦਰੀ ਸਫ਼ਰ 'ਚ ਵੱਧ ਆਰਾਮ ਮਹਿਸੂਸ ਕਰਦੇ ਸਨ / ਹਨ । ਇਸੇ ਪ੍ਰਕਾਰ ਰੋਮਨ ਸਾਮਰਾਜ ਦੇ ਵਿਸਥਾਰ ਤੋਂ ਇਹ ਪਤਾ ਲੱਗਦਾ ਹੈ ਕਿ ਯਾਤਰੀਆਂ ਲਈ ਇਕਸਾਰ ਕਾਨੂੰਨ ਪ੍ਰਬੰਧ ਤੇ ਵਧੀਆ ਸੜਕਾਂ ਬਣਾਈਆਂ ਗਈਆਂ ਤੇ ਜੋੜਕ ਵਜੋਂ ਹੋਰ ਵੀ ਕਈ ਸਾਧਨ ਵਰਤੇ ਗਏ। ਪੁਰਾਤਨ ਸਮੇਂ 'ਚ ਭੂ-ਮਧ ਸਾਗਰੀ ਖੇਤਰ ਇੱਕੋ ਇੱਕ ਖੇਤਰ ਨਹੀਂ ਸੀ ਜਿੱਥੇ ਯਾਤਰੀ ਗਤੀਵਿਧੀਆਂ ਵੱਲ ਵਿਸ਼ੇਸ਼ ਧਿਆਨ ਦਿੱਤਾ ਗਿਆ? ਇਤਿਹਾਸਕ ਹਵਾਲਿਆਂ ਤੋਂ ਵੀ ਪਤਾ ਲੱਗਦਾ ਹੈ ਕਿ ਉਦੋਂ ਏਸ਼ੀਆ, ਮੱਧ-ਪੂਰਬ, ਯੂਰਪ ਆਦਿ ਦਰਮਿਆਨ ਵੀ ਵਪਾਰਿਕ ਗਤੀਵਿਧੀਆਂ ਚੱਲਦੀਆਂ ਸਨ। ਏਸ਼ੀਆ ਵਿੱਚ

ਉਹਨਾਂ ਦਿਨਾਂ 'ਚ ਜਿਹੜਾ ਵਪਾਰਿਕ ਰੂਟ ਸੀ, ਉਸ ਨੂੰ ਆਮ ਤੌਰ ਤੇ ਸਿਲਕ ਰੂਟ ਵਜੋਂ ਜਾਣਿਆ ਜਾਂਦਾ ਸੀ।

## 3.2.1 ਸਿਲਕ ਰੂਟ-:

ਵਿਸ਼ਵ ਭਰ ਦੇ ਸਭ ਤੋਂ ਵੱਡੇ ਵਪਾਰਿਕ ਰੂਟ ਨੂੰ ਸਿਲਕ ਰੂਟ ਦਾ ਨਾਂ ਉੱਘੇ ਜਰਮਨ ਭੂਗੋਲ ਸ਼ਾਸ਼ਤਰੀ ਫਰਡੀਨੈਂਡ ਵਾਂ ਰਿਚਥਫੋਫਿਕ ਵੱਲੋਂ ਪਤਾ ਦਿਤਾ ਗਿਆ । ਉਸ ਨੇ 1870 'ਚ ਜਰਮਨ ਭਾਸ਼ਾ ਵਿੱਚ ਸੀਡਨ "ਸਟਰਾਸ" ਤਕਨੀਕੀ ਸ਼ਬਦ ਦਾ ਵਾਧਾ ਕੀਤਾ ਜਿਸ ਦਾ ਅਰਥ ਹੈ ਸਿਲਕ ਰੂਟ। ਇਸ ਪ੍ਰਸਿੱਧ ਵਪਾਰਿਕ ਰੂਟ ਦਾ ਨਾਂ ਬਹੁਮੁੱਲੀ ਵਸਤ, ਰੇਸ਼ਮ ਤੋਂ ਪਿਆ ਤੇ ਇਸੇ ਰੂਟ ਤੋਂ ਇਸੇ ਵਸਤ ਦਾ ਵਪਾਰ ਹੋਇਆ ਕਰਦਾ ਸੀ।

ਆਮ ਤੌਰ 'ਤੇ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਸਿਲਕ ਰੂਟ ਨਾਂ ਦੇ ਵਪਾਰਿਕ ਰੂਟ ਤੋਂ ਹੀ ਵੱਧ ਤੋਂ ਵੱਧ ਯਾਤਰਾ ਹੁੰਦੀ ਸੀ।ਅਸਲ ਵਿੱਚ ਇਹ ਪੜ੍ਹਾ ਜਾਂ ਜਾਟਿਲ ਤਾਣਾ ਬਾਣਾ ਸੀ ਜੋ ਜ਼ਮੀਨੀ ਤੇ ਸਮੁੰਦਰੀ ਸਫਰ ਵਾਲਾ ਰੂਟ ਸੀ। ਇਹ ਰੂਟ ਐਫਰੋ. ਯੂਰੇਸ਼ੀਅਨ, ਪੂਰਬ, ਦੱਖਣ ਅਤੇ ਪੱਛਮੀ ਏਸ਼ੀਆ ਨੂੰ ਭੂਮੱਧ ਸਾਗਰੀ ਤੇ ਯੂਰਪੀ ਦੁਨੀਆਂ ਨਾਲ਼ ਜੋੜਦਾ ਸੀ। ਇਸੇ ਤਰ੍ਹਾਂ ਇਹ ਉੱਤਰੀ ਤੇ ਪੂਰਬੀ ਅਫ਼ਰੀਕਾ ਤੱਕ ਜਾ ਪੁੱਜਦਾ ਸੀ। ਇਸ ਦਾ ਠੀਕ ਤਰ੍ਹਾਂ ਨਕਸ਼ਾ ਨਹੀਂ ਸੀ ਬਣਿਆ ਹੋਇਆ ਫਿਰ ਵੀ ਇਹ ਸੱਭਿਆਚਾਰਿਕ ਵਿਭਿੰਨਤਾ ਵਾਲ਼ਾ ਰੂਟ ਸੀ ਤੇ ਪੁਰਾਤਨ ਸਮਿਆਂ ਵਿੱਚ ਇਹ ਤਕਰੀਬਨ 12,000 ਕਿਲੋਮੀਟਰ ਲੰਮਾ ਰੂਟ ਸੀ।

ਭਾਰਤੀ ਮਸਾਲਿਆਂ, ਹੋਰ ਕੀਮਤੀ ਧਾਤਾਂ ਤੇ ਮੋਤੀਆਂ ਦੇ ਨਾਲ਼-ਨਾਲ਼ ਭਾਰਤ ਤੇ ਚੀਨ ਦੋਹਾਂ ਵਿੱਚ ਹੀ ਰੇਸ਼ਮ ਕੀਮਤੀ ਵਸਤੂ ਸੀ ਜਿਸ ਦਾ ਵਪਾਰ ਹੁੰਦਾ ਸੀ। ਇਸ ਤੋਂ ਬਿਨਾਂ ਸਿਰੈਮਿਕਸ, ਸ਼ੀਸ਼ਾ, ਹਾਥੀ ਦੰਦ, ਰੋਗ-ਨਾਸ਼ਕ ਜੜ੍ਹੀ-ਬੂਟੀਆਂ, ਪਸ਼ੂਆਂ ਆਦਿ ਦਾ ਵਪਾਰ ਵੀ ਇਸੇ ਰੂਟ ਤੋਂ ਹੁੰਦਾ ਸੀ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਇਹ ਰੂਟ ਨਾ ਸਿਰਫ ਵਪਾਰ ਦਾ ਹੀ ਰੂਟ ਸੀ ਸਗੋਂ ਇਸ ਜ਼ਰੀਏ ਪੂਰਬੀ ਸੱਭਿਆਚਾਰ, ਫਿਲਾਸਫੀ ਧਾਰਮਿਕ ਵਿਸ਼ਵਾਸ਼ਾਂ ਜਿਵੇਂ ਕਿ ਬੁੱਧ-ਮਤ ਦਾ ਵੀ ਪ੍ਰਚਾਰ / ਪ੍ਰਸਾਰ ਹੁੰਦਾ

ਸੀ। ਇਹ ਵੀ ਕਿਹਾ ਜਾ ਸਕਦਾ ਹੈ ਕਿ ਸਿਲਕ ਰੂਟ ਜ਼ਰੀਏ ਹੀ ਸਭ ਤੋਂ ਪਹਿਲਾਂ ਪੂਰਬ ਤੋਂ ਪੱਛਮ ਵਿੱਚ ਸੰਪਰਕ ਬਣਿਆ।




ਸਿਲਕ ਰੂਟ

ਸ੍ਰੋਤ : ਯੂ. ਐਨ. ਡਬਲਯੂ ਟੀ. ਓ. ਮਿਸਾਲ ਰੋਡ ਮਾਰਕੀਟਿੰਗ ਇਨੀਸ਼ੀਏਟਿਵ।

ਇਸ ਸਿਲਕ ਰੂਟ ਦਾ ਆਲਮੀ ਇਤਿਹਾਸ ਵਿੱਚ ਮਹੱਤਵ ਸੰਯੁਕਤ ਰਾਸ਼ਟਰ ਵਰਲਡ ਟਰੇਡ ਆਰਗੇਨਾਈਜ਼ੇਸ਼ਨ (ਯੂ. ਐਨ. ਡਬਲਯੂ ਟੀ. ਓ) ਵੱਲੋਂ ਵੀ ਮਾਨਤਾ ਪ੍ਰਾਪਤ ਹੈ ਇਸ ਲਈ UNWTO ਨੇ 2010 ਵਿੱਚ ਸਿਲਕ ਰੋਡ ਐਕਸ਼ਨ ਪਲੈਨ ਸ਼ੁਰੂ ਕੀਤੀ ਜਿਸ ਦੇ 24 ਦੇਸ਼ ਮੈਂਬਰ ਬਣੇ ਤੇ ਇਕੱਠੇ ਹੋ ਕੇ ਇਸ ਰੂਟ ਨੂੰ ਆਧੁਨਿਕ ਸਮੇਂ ਦੇ ਸੈਰ-ਸਪਾਟੇ ਦੇ ਮੰਤਵ ਲਈ ਵਿਕਸਿਤ ਕਰਨ ਦਾ ਪ੍ਰੋਗਰਾਮ ਬਣਿਆ। ਇਸ ਐਕਸ਼ਨ ਪਲੈਨ ਅਨੁਸਾਰ ਫ਼ੈਸਲਾ ਕੀਤਾ ਗਿਆ ਕਿ ਹਰੇਕ ਵਰ੍ਹੇ ਸਿਲਕ ਰੂਟ ਸੈਰ ਸਪਾਟੇ ਨੂੰ ਪ੍ਰਫੁਲਤ ਕੀਤਾ ਜਾਵੇ ਤੇ ਇਸ ਰੂਟ ਦੇ ਨੇੜੇ ਪੈਂਦੇ ਸ਼ਹਿਰਾਂ ਨੂੰ ਵੀ ਪ੍ਰਫੁਲਤ ਕੀਤਾ ਜਾਵੇ।

UNWTO Silk Road Programme


ਪੁਰਾਤਨ ਸਮਿਆਂ ਵਿੱਚ ਸਿਲਕ ਰੂਟ ਯਾਤਰਾ ਦਾ ਇੱਕ ਪੱਖ ਸੀ ਜਿਸ ਵਿੱਚ ਯੂਰਪ ਦਾ ਛੋਟਾ ਜਿਹਾ ਹਿੱਸਾ ਹੀ ਸ਼ਾਮਲ ਸੀ। ਰੋਮਨ ਸਾਮਰਾਜ ਦੇ ਖ਼ਾਤਮੇ ਅਤੇ ਸਿਆਹ ਮੱਧ ਯੁੱਗ ਵਿੱਚ ਯੂਰਪ ਬੜੇ ਗੜਬੜ ਵਾਲ਼ੇ ਹਾਲਾਤ 'ਚੋਂ ਲੰਘਿਆ ਇਸੇ ਲਈ ਇਸ ਨੂੰ ਸਿਆਹ (ਕਾਲਾ) ਯੁਗ ਵੀ ਕਿਹਾ ਜਾਂਦਾ ਹੈ। ਇੱਕ ਸਿਆਹ ਯੁੱਗ ਪੁਨਰ ਜਾਗਰਿਤੀ ਅਰਥਾਤ ਨਵੀਂ ਸ਼ੁਰੂਆਤ ਤੱਕ ਬਰਕਰਾਰ ਰਿਹਾ।

## 3.2.2 ਦਿ ਗਰੈਂਡ ਟੂਰ-:

ਪੁਨਰ ਜਾਗ੍ਰਿਤੀ ਅਰਥਾਤ ਯੂਰਪ ਵਿੱਚ ਨਵੀਂ ਸ਼ੁਰੂਆਤ ਦੇ ਯੁੱਗ ਨੇ ਯੂਰਪ ਵਿੱਚ ਸੱਭਿਆਚਾਰਿਕ ਪੁਨਰ ਜਾਗ੍ਰਿਤੀ ਵੀ ਲਿਆਂਦੀ। ਇਸ ਸਮੇਂ ਦੌਰਾਨ ਆਮ ਲੋਕਾਂ ਦੀ ਕਲਾ ਤੇ ਸੱਭਿਆਚਾਰ ਵਿੱਚ ਰੁਚੀ ਵਧੀ ਕਿਉਂਕਿ ਰਾਜ ਘਰਾਣੇ, ਸੇਸ਼ਟ ਵਰਗ ਤੇ ਨੌਕਰਸ਼ਾਹ ਵਰਗ ਦੀ ਕਲਾ ਨੂੰ ਸਰਪ੍ਰਸਤੀ ਦੇਣ ਲੱਗ ਪਏ ਸਨ। ਇਸ ਸਮੇਂ ਦੌਰਾਨ ਸਤਾਰ੍ਹਵੀਂ ਤੇ ਅਠ੍ਹਾਰਵੀਂ ਸਦੀ ਵਿੱਚ ਉੱਤਰੀ ਯੂਰਪ ਵਿਸ਼ੇਸ਼ ਕਰਕੇ ਇੰਗਲੈਂਡ ਤੋਂ ਅਮੀਰ ਤਬਕੇ ਦੇ ਨੌਜਵਾਨ ਯੂਰਪੀ ਸ਼ਹਿਰਾਂ ਦੇ ਟੂਰਾਂ 'ਤੇ ਆਮ ਜਾਣ ਲੱਗ ਪਏ। ਇਹੋ ਘਟਨਾ ਸੀ ਜਿਸ ਨੂੰ ਆਮ ਤੌਰ 'ਤੇ ਗਰੈਂਡ ਟੂਰ ਦੇ ਨਾਂ ਨਾਲ਼ ਜਾਣਿਆ ਜਾਂਦਾ ਹੈ।

ਗਰੈਂਡ ਟੂਰ ਸ੍ਰੇਸ਼ਟ ਵਰਗ ਤੇ ਅਮੀਰ ਵਰਗ ਦੇ ਨੌਜਵਾਨਾਂ ਵਲੋਂ ਕੀਤਾ ਜਾਂਦਾ ਸੀ ਜੋ ਇਹ ਟੂਰ ਆਪਣੇ ਆਪ ਨੂੰ ਸਿੱਖਿਅਤ ਕਰਨ ਆਪਣੀ ਭਾਸ਼ਾਈ ਮੁਹਾਰਤ ਵਧਾਉਣ, ਨਵੇਂ ਸੱਭਿਆਚਾਰਿਕ ਅਨੁਭਵ ਹਾਸਲ ਕਰਨ ਅਤੇ ਇਸ ਪ੍ਰਕਿਰਿਆਂ ਦੌਰਾਨ ਆਪਣੇ ਸਮਾਜਿਕ ਰੁਤਬੇ ਨੂੰ ਹੋਰ ਪ੍ਰਫੂਲਤ ਕਰਨ ਦਾ ਮੌਕਾ ਸਮਝਦੇ ਸਨ। ਇਹ ਟੂਰ ਆਮ ਤੌਰ ਤੇ ਇੱਕ ਟਿਊਟਰ ਅਤੇ ਨੌਕਰਾਂ ਨੂੰ ਨਾਲ ਲੈ ਕੇ ਕੀਤਾ

ਜਾਂਦਾ ਸੀ ਤੇ ਕਈ ਕਈ ਮਹੀਨੇ ਜਾਰੀ ਰਹਿੰਦਾ ਸੀ ਤੇ ਇਹ ਸਮਾਂ-ਸੀਮਾਂ ਟੂਰ ਕਰਨ ਵਾਲ਼ਿਆਂ ਦੇ ਪੈਸੇ ਅਤੇ ਝੁਕਾਓ ਤੇ ਨਿਰਭਰ ਕਰਦੀ ਹੁੰਦੀ ਸੀ। ਇਹ ਟੂਰ ਆਮ ਤੌਰ 'ਤੇ ਫਰਾਂਸ ਤੇ ਇਟਲੀ ਦੇ ਸ਼ਹਿਰਾਂ ਪੈਰਿਸ, ਫਲੋਰੈਂਸ, ਵੀਨਸ ਤੇ ਰੋਮ ਵਿੱਚੋਂ ਦੀ ਹੋ ਕੇ ਕੀਤਾ ਜਾਂਦਾ ਸੀ। ਇਟਲੀ ਉਹਨੀ ਦਿਨੀਂ ਆਪਣੇ ਸੱਭਿਆਚਾਰਿਕ ਵਿਰਸੇ ਅਤੇ ਨਿੱਘ ਵਾਲ਼ੇ ਪੌਣ-ਪਾਣੀ ਕਾਰਨ ਬਹੁਤ ਲੋਕ- ਪ੍ਰਿਆ ਸੀ। ਇਸ ਟੂਰ ਦਾ ਮੁੱਖ ਮੰਤਵ ਸੱਭਿਅਕ ਲੋਕਾਂ ਦੇ ਸੱਭਿਆਚਾਰ ਦਾ ਗਿਆਨ ਹਾਸਲ ਕਰਨਾ ਅਤੇ ਆਪਣੇ ਆਪ ਨੂੰ ਸਿੱਖਿਅਤ ਕਰਨਾ ਹੁੰਦਾ ਸੀ। ਇਸ ਪ੍ਰਕਾਰ ਦੇ ਸੱਭਿਆਚਾਰਿਕ ਅਨੁਭਵ ਨਾਲ਼ ਉਹ ਨੌਜਵਾਨ ਲੜਕੇ / ਲੜਕੀਆਂ ਆਪਣੇ ਆਪ ਨੂੰ ਚੰਗੇ ਤੇ ਮਹੱਤਵਪੂਰਨ ਰੁਜ਼ਗਾਰ ਦੇ ਯੋਗ ਬਣਾਉਂਦੇ ਸਨ।




**Cities Usually Travelled as a part of Grand Tour**

**Source:** http://www.texaschapbookpress.com/magellanslog15/grandtourmap.htm

ਸਮੇਂ ਦੇ ਬੀਤਣ ਨਾਲ਼ ਗਰੈਂਡ ਟੂਰ ਸੱਭਿਆਚਾਰਿਕ ਅਨੁਭਵ ਅਤੇ ਸਿੱਖਿਆ ਨਾਲ ਸੰਬੰਧਿਤ ਨਾ ਰਿਹਾ ਤੇ ਇਹ 'ਸਟੇਟਸ ਸਿੰਬਲ' ਹੋ ਕੇ ਰਹਿ ਗਿਆ ਤੇ ਲੋਕ ਇਸ ਜ਼ਰੀਏ ਆਪਣੀ ਸੰਪਤੀ ਤੇ ਧਨ ਦੌਲਤ ਦਾ ਵਿਖਾਵਾ ਕਰਨ ਲੱਗੇ। ਉਂਜ ਇਹ ਟੂਰ ਇਸ 'ਚ ਹਿਸਾ ਲੈਣ ਵਾਲ਼ਿਆਂ ਨੂੰ ਸਾਹਸੀ ਗਤੀਵਿਧੀਆਂ ਦਾ ਮੌਕਾ ਪ੍ਰਦਾਨ ਕਰਦਾ ਰਿਹਾ ਤੇ ਲੋਕ ਉਹਨਾਂ ਚੀਜ਼ਾਂ ਵਸਤਾਂ ਦੀ ਖਰੀਦਦਾਰੀ ਵੀ ਕਰ ਲੈਂਦੇ ਜੋ ਉਹਨਾਂ ਨੂੰ ਆਪਣੇ ਨਿਵਾਸ ਵਾਸ਼ੇ ਥਾਂਵਾਂ ਤੋਂ ਨਹੀਂ ਸਨ ਮਿਲਦੀਆਂ। ਗਰੈਂਡ ਟੂਰ ਤੋਂ ਉਹਨਾਂ ਦੀ ਵਾਪਸੀ ਤੇ ਗਰੈਂਡ ਟੂਰ ਦੇ ਸੈਲਾਨੀ ਇਹ ਵਸਤਾਂ - ਕਿਤਾਬਾਂ, ਕਲਾਕ੍ਰਿਤਾਂ, ਫੋਟੋਆਂ ਨੂੰ ਆਪਣੀਆਂ ਵਿਸ਼ੇਸ਼ ਅਲਮਾਰੀਆਂ ਵਿੱਚ ਪ੍ਰਦਰਸ਼ਿਤ ਕਰ ਲੈਂਦੇ। ਇਸ ਪ੍ਰਕਾਰ ਗਰੈਂਡ ਟੂਰ ਵਾਲੇ ਸੈਲਾਨੀ ਆਪਣੇ ਸਮਾਜਕ ਰੁਤਬੇ ਨੂੰ ਹੋਰ ਉੱਚਾ ਹੋਇਆ ਸਮਝਦੇ।


### 3.2.3 ਸੈਰ-ਸਪਾਟਾ ਵਪਾਰ-:



Thomas Cook
**Source:** Wikipedia

ਗਰੈਂਡ ਟੂਰ ਨਾਲ਼ ਯੂਰਪ ਵਿੱਚ ਲੋਕਾਂ ਦਾ ਆਉਣ ਜਾਣ ਕਾਫ਼ੀ ਵਧਗਿਆਂ। ਇੱਥੋਂ ਹੀ ਲੜਾਈ, ਵਪਾਰ, ਕੁਦਰਤੀ ਆਫਤਾਂ ਆਦਿ ਤੋਂ ਬਿਨਾਂ ਹੋਰ ਕਾਰਨਾ ਲਈ ਵੀ ਯਾਤਰਾ ਦੀ ਸ਼ੁਰੂਆਤ ਹੋਈ। ਅਠਾਰਵੀਂ ਸਦੀ ਵਿੱਚ ਧਨਵਾਨ ਤੇ ਉਪਰਲੀ ਸ਼੍ਰੇਣੀ ਦੇ ਲੋਕ ਆਪਣੀ ਅਰੋਗਤਾ ਤੇ ਸਿਹਤਯਾਬੀ ਲਈ ਵੀ ਯਾਤਰਾਵਾਂ ਕਰਨ ਲੱਗੇ। ਇਸ ਪ੍ਰਕਾਰ ਬਾਥ ਤੇ ਸੀਅ ਰਿਜ਼ਾਰਟਾਂ ਦੀ ਲੋਕਪ੍ਰਿਅਤਾ ਵਧੀ। ਸਨਅਤੀ ਇਨਕਲਾਬ ਅਤੇ ਪੁਨਰਜਾਗ੍ਰਿਤੀ ਪਿੱਛੋ ਟਰਾਂਸਪੋਰਟ ਦੇ ਨਵੇਂ-ਨਵੇਂ ਸਾਧਨ ਜਿਵੇਂ ਕਿ ਰੇਲਵੇਜ਼, ਭਾਫ਼ ਵਾਲ਼ੀਆਂ ਕਿਸ਼ਤੀਆਂ ਤੇ ਸਮੁੰਦਰੀ ਜਹਾਜ਼ ਹੋਂਦ ਵਿੱਚ ਆ ਗਏ। ਇਸ ਪ੍ਰਕਾਰ ਸੈਰ-ਸਪਾਟਾ ਵਪਾਰ ਦੇ ਵਿਕਾਸ ਦਾ ਰਾਹ ਸਾਫ਼ ਹੋ ਗਿਆ।

ਸੈਰ-ਸਪਾਟਾ ਵਪਾਰ ਜਿਵੇਂ ਕਿ ਅੱਜ ਅਸੀਂ ਇਸ ਨੂੰ ਜਾਣਦੇ ਹਾਂ, ਦੇ ਮੁੱਢ ਦਾ ਸਿਹਰਾ ਥਾਮਸ ਕੁੱਕ ਨੂੰ ਜਾਂਦਾ ਹੈ। ਸੈਰ-ਸਪਾਟਾ ਸੱਨਅਤ ਦਾ ਜਨਮਦਾਤਾ ਵੀ ਕਿਹਾ ਜਾਂਦਾ ਹੈ। ਉਸ ਨੇ 5 ਜੁਲਾਈ ਸੰਨ 1841 ਨੂੰ 570 ਯਾਤਰੀਆਂ ਨੂੰ ਲੈ ਕੇ ਲੀਸੈਸਟਰ ਤੋਂ ਲਾਫਬੋਰੋ (ਇੰਗਲੈਂਡ) ਤੱਕ ਸੈਰ ਦਾ ਆਯੋਜਨ ਕੀਤਾ। ਹਰੇਕ ਯਾਤਰੀ ਨੂੰ ਇਸ ਸਫਰ ਲਈ ਇੱਕ ਸ਼ਲਿੰਗ ਦੇਣਾ ਪਿਆ। ਇਹ ਟੂਰ ਇੱਕ ਰੇਲ ਗੱਡੀ ਵਿੱਚ ਕਰਵਾਇਆ ਗਿਆ ਜਿਸ ਵਿੱਚ ਪਿਕਨਿਕ ਲੰਚ, ਤੇ ਬਰਾਸ ਬੈਂਡ ਦਾ ਪ੍ਰਬੰਧ ਸੀ। ਇਸ ਟੂਰ ਨੂੰ ਏਨੀ ਸਫਲਤਾ ਤੇ ਲੋਕਪ੍ਰਿਅਤਾ ਮਿਲ਼ੀ ਕਿ ਥਾਮਸ ਕੁੱਕ ਨੇ ਯਾਤਰੀ ਸੇਵਾ ਸ਼ੁਰੂ ਕਰ ਲਈ ਤੇ 1843 ਵਿੱਚ ਉਸ ਨੇ 3000 ਵਿਦਿਆਰਥੀਆਂ ਨੂੰ ਲੈ ਕੇ ਲੀਸੈਸਟਰ ਤੋਂ ਡਰਬੀ ਤੱਕ ਇਹ ਯਾਤਰਾ ਕਰਵਾਈ। ਸੰਨ 1848 ਤੇ 1863 ਤੱਕ ਉਸ ਨੇ ਟੂਰ ਦੇ ਸਰਕੂਲਰ ਸਕਾਟਲੈਂਡ ਵੀ ਭੇਜ ਦਿਤੇ ਅਤੇ ਇੱਕ ਸੀਜ਼ਨ ਵਿੱਚ ਹੀ ਲਗਪਗ 5000 ਸੈਲਾਨੀਆਂ ਨੇ ਇਹਨਾਂ ਟੂਰਾਂ ਵਿੱਚ ਹਿੱਸਾ ਲਿਆ। ਥਾਮਸ ਕੁਕ ਨੂੰ ਇਸ ਗੱਲ ਦਾ ਸਿਹਰਾ ਵੀ ਜਾਂਦਾ ਹੈ ਕਿ ਉਸਨੇ 1867 ਵਿੱਚ ਪਹਿਲਾ ਹੋਟਲ ਵਾਊਚਰ ਸ਼ੁਰੂ ਕੀਤਾ ਜਿਸ ਨਾਲ਼ ਯਾਤਰਾ ਸਨਅਤ ਵਿੱਚ ਵਿਦੇਸ਼ੀ ਮੁਦਰਾ ਦੇ ਤਬਾਦਲੇ ਦੀ ਸ਼ੁਰੂਆਤ ਹੋਈ। ਇਹ ਥਾਮਸ ਕੁੱਕ ਦੀ ਜੁਗਤ ਹੀ ਸੀ ਜਿਸ ਨੇ ਸੈਰ-ਸਪਾਟਾ ਵਪਾਰ ਨੂੰ ਨਵੀਂ ਦਿੱਖ ਦਿੱਤੀ।



ਹੋਰ ਵਪਾਰਾਂ ਵਾਂਗ ਸੈਰ-ਸਪਾਟਾ ਵਪਾਰ ਨੂੰ ਵੀ ਗਾਹਕਾਂ ਦੀਆਂ ਲੋੜਾਂ ਤੇ ਇਛਾਵਾਂ ਦੀ ਪੂਰਤੀ ਲਈ ਆਪਣੇ ਵਿੱਚ ਲਗਾਤਾਰ ਤਬਦੀਲੀਆਂ ਕਰਨੀਆਂ ਪੈਂਦੀਆਂ ਹਨ। ਸੈਰ-ਸਪਾਟਾ ਵਪਾਰ ਵਿਚਲੀਆਂ ਮੁਕਾਬਲਾਕਾਰੀ ਦੀਆਂ ਚੁਣੌਤੀਆਂ ਨਾਲ਼ ਨਜਿੱਠਣ ਲਈ ਅਤੇ ਹੋਰ ਮਨੋਰੰਜਕ ਖੇਤਰ ਦੀਆਂ ਚੁਣੌਤੀਆਂ

ਨਾਲ਼ ਨਜਿੱਠਣ ਲਈ ਉਂਜ ਵੀ ਇਨ੍ਹਾਂ ਤਬਦੀਲੀਆਂ ਦੀ ਲੋੜ ਹੁੰਦੀ ਹੈ।

ਸਮੇਂ ਦੇ ਬੀਤਣ ਨਾਲ਼ ਅਸੀਂ ਵੇਖਦੇ ਹਾਂ ਕਿ ਸੈਰ ਸਪਾਟਾ ਵਪਾਰ ਨੂੰ ਵੱਖਰਾ ਸਰੂਪ ਦੇਣ ਲਈ ਟਰਾਂਸਪੋਰਟ ਪ੍ਰਬੰਧ ਨੇ ਬੜਾ ਵੱਡਾ ਯੋਗਦਾਨ ਪਾਇਆ ਹੈ। ਹਵਾਈ ਯਾਤਰਾ ਨੇ, ਵਿਸ਼ੇਸ਼ ਕਰਕੇ ਸੈਰ-ਸਪਾਟਾ ਵਪਾਰ 'ਤੇ ਬੇਹੱਦ ਪ੍ਰਭਾਵ ਪਾਇਆ ਹੈ।

ਆਧੁਨਿਕ ਸੈਰ-ਸਪਾਟਾ ਵਪਾਰ ਨੂੰ ਸਮਝਿਆ ਜਾਂਦਾ ਹੈ ਕਿ ਇਹ ਦੂਜੇ ਮਹਾਂ ਯੁੱਧ ਤੋਂ ਪਿੱਛੋਂ ਸ਼ੁਰੂ ਹੋਇਆ ਸੈਰ-ਸਪਾਟਾ ਸੱਨਅਤ ਵਿੱਚ ਵਿਕਾਸ ਨੂੰ ਜੈਟ ਹਵਾਈ ਜਹਾਜ਼ ਦੇ ਵਿਕਾਸ ਜੋ 1950 'ਚ ਸ਼ੁਰੂ ਹੋਇਆ ਨਾਲ਼ ਜੋੜ ਕੇ ਵੀ ਵੇਖਿਆ ਜਾਂਦਾ ਹੈ। ਕਿਉਂਕਿ ਆਵਾਜਾਈ ਦੇ ਵਿਕਸਿਤ ਸਾਧਨ ਪ੍ਰਚਲਤ ਹੋ ਗਏ ਇਲ ਲਈ ਸੈਰ-ਸਪਾਟੇ ਲਈ ਯਾਤਰਾ ਨੂੰ ਵੀ ਘੱਟ ਸਮਾਂ ਲਗਣ ਲੱਗਾ ਇਸ ਲਈ ਲੋਕ ਮਨੋਰੰਜਨ ਲਈ ਵੀ ਯਾਤਰਾ ਕਰਨ ਲੱਗ ਪਏ। ਜਿਹੜੇ ਟੂਰ ਪੈਕੇਜ ਕਦੇ ਰੇਲਵੇ ਵੱਲੋਂ ਦਿੱਤੇ ਜਾਂਦੇ ਸਨ ਹੁਣ ਉਹ ਪੈਕੇਜ ਹਵਾਈ ਕੰਪਨੀਆਂ ਦੇਣ ਲੱਗ ਪਈਆਂ ਹਨ। ਆਕਰਸ਼ਣ, ਠਹਿਰਾਓ ਦੀ ਸਹੂਲਤ ਤੇ ਸੈਰ-ਸਪਾਟਾ ਥਾਵਾਂ 'ਤੇ ਬੁਨਿਆਦੀ ਢਾਂਚੇ ਦੀ ਸੈਰ-ਸਪਾਟਾ ਵਪਾਰ ਵਿੱਚ ਅਹਿਮ ਭੂਮਿਕਾ ਹੈ। ਅਗਲੀਆਂ ਕਲਾਸਾਂ ਵਿੱਚ ਇਸ ਬਾਰੇ ਤੁਸੀਂ ਵਿਸਥਾਰ 'ਚ ਪੜ੍ਹੋਗੇ।

## ਅਭਿਆਸ - 3.1

1. ਟੂਰਿਜ਼ਮ ਦੀਆਂ ਤਿੰਨ ਨਵੀਆਂ ਕਿਸਮਾਂ ਬਾਰੇ ਵਿਚਾਰ ਪੇਸ਼ ਕਰੋ।

___

___

2. ਯੂ.ਐਨ.ਡਲਯੂ ਟੀ.ਓ (UNWTO) ਦੀ ਸਿਲਕ ਰੂਟ ਐਕਸ਼ਨ ਪਲੈਨ ਕੀ ਹੈ?

___

___

## 3.3 ਸੈਰ-ਸਪਾਟੇ ਦੇ ਵਿਚੋਲੇ (ਸਾਲਸ) ਅਤੇ ਉਹਨ੍ਹਾਂ ਦੇ ਸੰਬੰਧ

ਸੈਰ-ਸਪਾਟਾ ਵਪਾਰ ਕਾਫ਼ੀ ਹੱਦ ਤੱਕ ਸੈਲਾਨੀਆਂ ਦੀਆਂ ਲੋੜਾਂ ਤੇ ਮੰਗਾਂ ਦੀ ਪੂਰਤੀ ਕਰਦਾ ਹੈ। ਜਿਵੇਂ ਕਿ ਸੈਲਾਨੀਆਂ ਨੂੰ ਠਹਿਰਨ ਲਈ ਥਾਂ ਮੁਹੱਈਆ ਕਰਵਾਉਣਾ, ਟਰਾਂਸਪੋਰਟੇਸ਼ਨ ਸਹੂਲਤਾਂ ਦੇਣਾ - ਸੜਕੀ, ਹਵਾਈ, ਸਮੁੰਦਰੀ ਟਰਾਂਸਪੋਰਟ ਦਾ ਪ੍ਰਬੰਧ ਕਰਨਾ, ਖਾਣ ਪੀਣ ਦੀਆਂ ਸੇਵਾਵਾਂ ਦੇਣਾ, ਸੈਰ-ਸਪਾਟਾ ਥਾਂ ਦੇ ਆਕਰਸ਼ਣ ਦਾ ਪੂਰਾ ਪ੍ਰਬੰਧ ਕਰਨਾ, ਸੋਵੀਨਰ, ਸ਼ਾਪਿੰਗ ਅਤੇ ਸੈਲਾਨੀਆਂ ਦੀਆਂ ਹੋਰ ਸੰਬੰਧਿਤ ਲੋੜਾਂ ਦੀ ਪੂਰਤੀ ਕਰਨਾ। ਆਮ ਤੌਰ 'ਤੇ ਸੈਲਾਨੀ ਇਹ ਸਹੂਲਤਾਂ ਸੈਰ-ਸਪਾਟੇ ਨਾਲ਼ ਸੰਬੰਧਿਤ ਵਿਚੋਲਿਆਂ ਜ਼ਰੀਏ ਪ੍ਰਾਪਤ ਕਰਦਾ ਹੈ।

ਮਧਿਅਸਥ ਜਾਂ ਵਿਚੋਲੇ ਉਤਪਾਦਕ ਤੇ ਗਾਹਕ ਵਿਚਕਾਰ ਕੜੀ ਦਾ ਕੰਮ ਕਰਦੇ ਹਨ। ਕਈ ਵਾਰ ਮਧਿਅਸਥ ਜਾਂ ਵਿਚੋਲੇ ਨੂੰ ਵਿਤਰਕ ਵੀ ਕਹਿ ਦਿੱਤਾ ਜਾਂਦਾ ਹੈ ਜੋ ਆਮ ਤੌਰ 'ਤੇ ਵਪਾਰਕ ਲੈਣ ਦੇਣ ਜੋ ਸਿੱਧੇ ਵਪਾਰ ਰਾਹੀਂ ਨਹੀਂ ਕੀਤਾ ਜਾ ਸਕਦਾ ਵਿਚੋਲਿਆਂ ਜ਼ਰੀਏ ਹੁੰਦਾ ਹੈ। ਇਸ ਨੂੰ ਹੋਰ ਸਪਸ਼ਟ ਕਰਨ ਲਈ ਅਸੀਂ ਕਹਿ ਸਕਦੇ ਹਾਂ ਕਿ ਏਅਰਲਾਈਨਜ਼ ਦੇ ਸੇਲਜ਼ ਏਜ਼ੰਟ, ਟਰੈਵਲ ਏਜੰਟ ਤੇ ਟੂਰ ਆਪਰੇਟਰ - ਸੈਰ-ਸਪਾਟਾ ਵਪਾਰ ਦੇ ਵਿਚੋਲੇ ਹੁੰਦੇ ਹਨ। ਇਹਨਾਂ ਨੂੰ ਮਿਲਾ ਕੇ ਹੀ ਸੈਰ-ਸਪਾਟੇ ਦੀ ਵਿਤਰਨ ਕੜੀ ਬਣਦੀ ਹੈ ਤੇ ਇਹ ਸੈਰ-ਸਪਾਟਾ ਸੇਵਾਵਾਂ ਨੂੰ ਗਾਹਕ ਜਾਂ ਖਪਤਕਾਰ (ਸੈਲਾਨੀ) ਤੱਕ ਪਹੁੰਚਾਉਂਦੇ ਹਨ। ਉਪਰੋਕਤ ਪਰਿਭਾਸ਼ਾ ਦੇ ਮੱਦੇਨਜ਼ਰ, ਥਾਮਸ ਕੁੱਕ ਪਹਿਲਾ ਸੈਰ-ਸਪਾਟਾ ਵਿਚੋਲਾ ਸੀ ਕਿਉਂਕਿ ਉਸ ਨੇ ਸੈਰ-ਸਪਾਟਾ ਸੇਵਾਵਾਂ - ਜਿਵੇਂ ਕਿ ਰੇਲ ਯਾਤਰਾ ਖਾਣਾ (ਪਿਕਨਿਕ ਲੰਚ) ਤੇ ਯਾਤਰਾ ਦੀ ਸਹੂਲਤ ਮਿਲਾ ਕੇ ਯਾਤਰੀਆਂ ਨੂੰ ਪੇਸ਼ ਕੀਤੀਆਂ ਤਾਂ ਜੋ ਯਾਤਰੀ ਸੈਰ ਦਾ ਅਨੁਭਵ ਹਾਸਲ ਕਰ ਸਕੇ।

ਸੈਰ-ਸਪਾਟੇ ਵਿੱਚ ਵਿਤਰਨ ਕੜੀ ਅਤੇ ਵਿਚੋਲੇ ਬਹੁਤ ਅੰਮਿਹ ਭੂਮਿਕਾ ਨਿਭਾਉਂਦੇ ਹਨ। ਉਹਨਾਂ ਦਾ ਮੁੱਖ ਕੰਮ ਗਾਹਕਾਂ (ਸੈਲਾਨੀਆਂ) ਤੱਕ ਸੇਵਾਵਾਂ ਪਹੁੰਚਾਉਣਾ ਹੁੰਦਾ ਹੈ। ਗਾਹਕਾਂ ਦੀਆਂ ਲੋੜਾਂ ਤੇ ਮੰਗਾਂ ਪੂਰੀਆਂ ਕਰਨਾ ਹੁੰਦਾ ਹੈ ਤੇ ਗਾਹਕਾਂ (ਸੈਲਾਨੀਆਂ) ਨੂੰ ਸੰਤੁਸ਼ਟ ਕਰਨਾ ਹੁੰਦਾ ਹੈ। ਇਸ ਦੇ ਨਾਲ਼-ਨਾਲ਼ ਵਿਚੋਲਾ (ਏਜੰਟ) ਇਹ ਵੀ ਯਕੀਨੀ ਬਣਾਉਂਦਾ ਹੈ ਕਿ ਵਿਕਰੀ ਕਰਤਾ ਜਿਵੇਂ ਕਿ ਹੋਟਲ ਤੇ ਗਾਈਡ ਆਦਿ ਖਰੀਦਦਾਰ (ਸੈਲਾਨੀ) ਦੀਆਂ ਲੋੜਾਂ ਨੂੰ ਸਮਝੇਗਾ।




Travel Agent



Tourist

ਆਪਣੇ ਕੰਮ ਦੀ ਪੂਰਤੀ ਲਈ ਵਿਚੋਲਾ (ਏਜੰਟ) ਟਰਾਂਸਪੋਰਟ ਵਾਲ਼ਿਆਂ, ਹੋਟਲਾਂ ਤੇ ਹੋਰ ਠਹਿਰਾਓ ਸਹੂਲਤਾਂ ਦੇਣ ਵਾਲ਼ਿਆਂ ਜਿਵੇਂ ਕਿ ਮੋਟਲ, ਸਰਾਵਾਂ, ਗੈਸਟ ਹਾਊਸ ਆਦਿ, ਸਮੁੰਦਰੀ ਜਹਾਜ਼ੀ ਕੰਪਨੀਆਂ, ਗਾਈਡਾਂ, ਵਿਦੇਸ਼ੀ ਮੁਦਰਾ ਦਾ ਤਬਾਦਲਾ ਕਰਨ ਵਾਲ਼ਿਆਂ, ਸੋਵੀਨਰ ਵੇਚਣ ਵਾਲ਼ਿਆਂ ਨਾਲ਼ ਸੰਪਰਕ ਬਣਾ ਕੇ ਰੱਖਦਾ ਹੈ। ਉਹ ਸੈਲਾਨੀਆਂ ਨੂੰ ਇਹ ਵੀ ਜਾਣਕਾਰੀ ਦਿੰਦਾ ਹੈ ਕਿ ਫਲਾਂ ਸੈਰ-ਸਪਾਟਾ ਥਾਂ ਦਾ ਮੁੱਖ ਆਕਰਸ਼ਣ ਕੀ ਹੈ, ਉੱਥੇ ਕਿਸ ਸਮੇਂ ਜਾਂ ਕਿਸ ਮੌਸਮ 'ਚ ਸਫ਼ਰ ਕਰਨਾ ਚਾਹੀਦਾ ਹੈ, ਉੱਥੇ ਦਾਖਲਾ ਫ਼ੀਸ ਕਿੰਨੀ ਹੈ ਆਦਿ । ਇਸ ਇੰਟਰਨੈਟ ਦੇ ਯੁੱਗ ਵਿੱਚ ਇਹ ਹੋਰ ਵੀ ਮਹੱਤਵਪੂਰਨ ਹੈ। ਭਾਵੇਂ ਹੁਣ ਗਾਹਕ ਤੇ ਵਿਕਰੇਤਾ ਦਰਮਿਆਨ ਸਿੱਧਾ ਸੰਪਰਕ ਹੋਣ ਲੱਗ ਪਿਆ ਹੈ ਫਿਰ ਵੀ ਬਹੁਤੀ ਵਿਚੋਲਾ ਦੀ ਲੋੜ ਪੈਂਦੀ ਹੈ। ਭਾਵੇਂ ਹੁਣ ਵੈਬਸਾਈਟਾ 'ਤੇ ਹੀ ਹੋਟਲ ਦਾ ਕਮਰਾ ਬੁੱਕ ਹੋ ਜਾਂਦਾ ਹੈ, ਹਵਾਈ ਟਿਕਟਾਂ ਵੀ ਸਿੱਧੀਆਂ ਹੀ ਮਿਲ਼ ਜਾਂਦੀਆਂ ਹਨ। ਫਿਰ ਵੀ ਸੈਰ- ਸਪਾਟਾ ਏਜੰਟ ਸੈਰ-ਸਪਾਟਾ ਵਪਾਰ ਲਈ ਲੋੜੀਂਦੇ ਹੁੰਦੇ ਹਨ ਕਿਉਂਕਿ :

i) ਨਿਰਮਾਤਾ (ਹੋਟਲਾਂ, ਹਵਾਈ ਟਿਕਟਾਂ) ਥੋਕ ਵਿੱਚ ਹੀ ਵਿਚੋਲੇ ਨੂੰ ਵੇਚ ਦਿੰਦੇ ਹਨ।
ii) ਨਿਰਮਾਤਾ ਦਾ ਆਪਣੇ ਵਪਾਰ ਵਾਧੇ ਦਾ ਖਰਚਾ ਬਚ ਜਾਂਦਾ ਹੈ ਕਿਉਂਕਿ ਵਿਚੋਲਾ (ਏਜੰਟ) ਖੁਦ ਹੀ ਖਰੀਦਦਾਰ ਤਕ ਪਹੁੰਚ ਕਰ ਲੈਂਦਾ ਹੈ।
iii) ਗਾਹਕ ਦਾ ਸੇਵਾਵਾਂ ਦੀ ਭਾਲ਼ ਦਾ ਸਮਾਂ ਬਚ ਜਾਂਦਾ ਹੈ।

iv) ਗਾਹਕ ਨੂੰ ਵਿਸ਼ੇਸ਼ ਕੀਮਤ ਅਤੇ ਛੋਟਾਂ ਮਿਲਨ ਕਾਰਨ ਲਾਭ ਹੁੰਦਾ ਹੈ।

v) ਗਾਹਕ ਵਿਚੋਲਾ (ਏਜੰਟ) ਕੋਲ਼ੋਂ ਸੈਰ-ਸਪਾਟਾ ਥਾਂ ਬਾਰੇ ਸਮੁੱਚੀ ਜਾਣਕਾਰੀ ਹਾਸਲ ਕਰ ਲੈਂਦਾ ਹੈ।

## 3.4 ਆਧੁਨਿਕ ਭਾਰਤ ਵਿੱਚ ਸੈਰ-ਸਪਾਟਾ

ਵਿਸ਼ਵ ਦੇ ਹੋਰ ਮੁਲਕਾਂ ਦੇ ਮੁਕਾਬਲੇ ਭਾਰਤ ਵਿੱਚ ਸੈਰ-ਸਪਾਟਾ ਵਪਾਰ ਕੁਝ ਪਛੜ ਕੇ ਸ਼ੁਰੂ ਹੋਇਆ। ਫਿਰ ਵੀ ਯਾਤਰਾ ਤੇ ਸੈਰ-ਸਪਾਟਾ ਭਾਰਤ ਵਿੱਚ ਹਮੇਸ਼ਾ ਹੀ ਚਲੱਦਾ ਰਿਹਾ ਹੈ। ਅਸੀਂ ਪੜ੍ਹ ਚੁੱਕੇ ਹਾਂ ਕਿ ਸੰਤ ਮਹਾਤਮਾ ਆਪਣੇ ਜੀਵਨ ਫਲਸਫੇ ਅਤੇ ਧਰਮ ਪ੍ਰਚਾਰ ਲਈ ਹਮੇਸ਼ਾ ਹੀ ਦੇਸ ਭਰ ਵਿੱਚ ਸਫ਼ਰ ਕਰਦੇ ਰਹੇ ਹਨ ਜਿਵੇਂ ਕਿ ਗੌਤਮ ਬੁੱਧ, ਆਦਿ ਸ਼ੰਕਰਾਚਾਰੀਆ ਆਦਿ। ਭਾਰਤੀ ਉਪ ਮਹਾਂਦੀਪ ਦੇ ਲੋਕ ਵੀ ਵੱਖ-ਵੱਖ ਖੇਤਰਾਂ ਦੀ ਯਾਤਰਾ ਕਰਦੇ ਹਨ। ਭਾਰਤੀ ਲੋਕ

i) ਸੰਤਾਂ ਮਹਾਤਮਾਵਾਂ ਦੇ ਪ੍ਰਵਚਨ ਸੁਣਨ ਲਈ,

ii) ਤੀਰਥ ਯਾਤਰਾ ਕਰਨ ਲਈ

iii) ਧਾਰਮਿਕ ਸਮਾਗਮਾਂ 'ਚ ਹਿੱਸਾ ਲੈਣ ਲਈ ਜਿਵੇਂ ਕਿ ਕੁੰਭ ਦਾ ਮੇਲਾ, ਅਰਧ ਕੁੰਭ ਆਦਿ।

iv) ਸੱਭਿਆਚਾਰਿਕ ਮੇਲਿਆਂ 'ਚ ਹਿੱਸਾ ਲੈਣ ਲਈ

v) ਪਰਿਵਾਰਿਕ ਸਮਾਗਮਾਂ 'ਚ ਹਿੱਸਾ ਲੈਣ ਲਈ

vi) ਵਪਾਰ ਲਈ ਵਿਦੇਸ਼ ਯਾਤਰਾ

ਆਦਿ ਲਈ ਹਮੇਸ਼ਾਂ ਯਾਤਰਾ ਕਰਦੇ ਰਹੇ ਹਨ। ਹੁਣ ਬਦਲਦੇ ਸਮੇਂ 'ਚ ਦੇਸ਼ ਵਿੱਚ ਮਨੋਰੰਜਨ ਲਈ ਸੈਰ-ਸਪਾਟੇ ਦਾ ਰੁਝਾਨ ਵਧ ਗਿਆ ਹੈ। ਸੜਕੀ, ਰੇਲ ਤੇ ਹਵਾਈ ਸਫ਼ਰ ਤੇ ਸਮੁੰਦਰੀ ਸਫ਼ਰ ਦੀਆਂ ਸਹੂਲਤਾਂ ਉਪਲਬਧ ਹੋਣ ਨਾਲ ਸੈਰ-ਸਪਾਟਾ ਗਤੀਵਿਧੀਆਂ ਨੂੰ ਹੋਰ ਵੀ ਹੁਲਾਰਾ ਮਿਲ਼ਿਆ ਹੈ। 1 ਅਗਸਤ 1963 ਨੂੰ ਏਅਰ ਕਾਰਪੋਰੇਸ਼ਨ ਐਕਟ ਬਣਨ ਕਾਰਨ ਹਵਾਈ ਸਫ਼ਰ ਹੋਰ ਵੀ ਸੌਖਾ ਹੋ ਗਿਆ

ਹੈ। ਇਸ ਐਕਟ ਨਾਲ਼ ਹਵਾਈ ਟਰਾਂਸਪੋਰਟ ਸਨਅਤ ਦਾ ਕੌਮੀਕਰਨ ਕਰ ਦਿੱਤਾ ਗਿਆ ਸੀ ਅਤੇ 1993 ਵਿੱਚ ਭਾਰਤੀ ਆਕਾਸ਼ ਨੂੰ ਨਿੱਜੀ ਕੰਪਨੀਆਂ ਲਈ ਵੀ ਖੋਲ੍ਹ ਦਿੱਤਾ ਗਿਆ। ਲੋਅ ਕੌਸਟ ਕੈਰੀਅਰ (LOC) ਦੇ ਸ਼ੁਰੂ ਹੋਣ ਨਾਲ਼ ਮੱਧ-ਵਰਗੀ ਭਾਈਚਾਰੇ ਦੇ ਵੱਡੇ ਹਿੱਸੇ ਦੀ ਪਹੁੰਚ ਵਿੱਚ ਹਵਾਈ ਸਫ਼ਰ ਆ ਗਿਆ ; ਇਸ ਨਾਲ਼ ਯਾਤਰਾ 'ਤੇ ਸਮਾਂ ਵੀ ਘੱਟ ਲੱਗਣ ਲੱਗ ਪਿਆ। ਪ੍ਰਾਹੁਣਚਾਰੀ ਸੱਨਅਤ ਵਿੱਚ ਕਈ ਨਿੱਜੀ ਕੰਪਨੀਆਂ ਵੀ ਸ਼ਾਮਲ ਹੋ ਗਈਆਂ ਜਿਸ ਦਾ ਫਾਇਦਾ ਸੈਲਾਨੀਆਂ ਨੂੰ ਵੱਖ-ਵੱਖ ਵਰਗਾ ਜਿਵੇਂ ਕਿ ਬਜਟ / ਇਕਾਨਮੀ, ਬਿਜ਼ਨਸ, ਲਗਜ਼ਰੀ ਆਦਿ ਵਰਗਾਂ ਵਿੱਚ ਠਹਿਰਾਓ ਦੀਆਂ ਸਹੂਲਤਾਂ ਮਿਲ਼ਣ ਲੱਗ ਪਈਆਂ।

### 3.4.1 ਭਾਰਤੀ ਰੇਲਵੇ ਵਿੱਚ ਟੂਰ

ਵਿਸ਼ਵ ਦੇ ਚੌਥੇ ਵੱਡੇ ਰੇਲਵੇ ਨੈਟ-ਵਰਕ ਅਤੇ ਯਾਤਰੀਆਂ ਦੇ ਪੱਖੋਂ ਵਿਸ਼ਵ ਦੇ ਦੂਜੇ ਰੇਲਵੇ ਪ੍ਰਬੰਧ ਵਜੋਂ ਭਾਰਤੀ ਰੇਲਵੇ ਵੱਲੋਂ ਵੀ ਦੇੋ ਦੇਸ ਦੇ ਸੈਰ-ਸਪਾਟਾ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਗਿਆ। ਭਾਰਤੀ ਰੇਲ ਸੇਵਾ ਦੇ ਵੱਡੇ ਪ੍ਰਬੰਧ ਦਾ ਅਰਥ ਇਹ ਹੈ ਕਿ ਆਪਣੇ ਕਿਸੇ ਵੀ ਆਰਥਿਕ ਰੁਤਬੇ ਵਾਲ਼ੇ ਲੋਕ ਰੇਲ ਸਫ਼ਰ ਪੂਰੇ ਆਰਾਮ ਨਾਲ਼ ਕਰ ਸਕਦੇ ਹਨ। ਭਾਰਤੀ ਰੇਲ ਨੈਟ-ਵਰਕ ਦਾ ਰੂਟ 63000 ਕਿਲੋਮੀਟਰ ਹੈ ਅਤੇ 6909 ਸਟੇਸ਼ਨ ਹਨ ਤੇ ਲੋਕ ਦੇਸ਼ ਦੇ ਦੂਰ ਦਰਾਜ ਦੇ ਖੇਤਰਾਂ ਤੱਕ ਵੀ ਰੇਲ ਰਾਹੀਂ ਪੁੱਜ ਸਕਦੇ ਹਨ। ਇਸ ਦੇ ਨਾਲ਼ ਹੀ ਦੂਰ ਦਰਾਜ ਦੇ ਖੇਤਰਾਂ

ਦੇ ਲੋਕ ਰੇਲ ਰਾਹੀਂ ਸੈਰ-ਸਪਾਟਾ ਥਾਵਾਂ 'ਤੇ ਵੀ ਪੁੱਜ ਸਕਦੇ ਹਨ।

ਭਾਰਤੀ ਰੇਲਵੇ ਵੱਲੋਂ ਦਿਲਕਸ਼ ਰੇਲ ਟੂਰ ਪੈਕੇਜ ਵੀ ਪੇਸ਼ ਕੀਤੇ ਜਾਂਦੇ ਹਨ। ਸਪੈਸ਼ਲ ਟਿਕਟਿੰਗ ਸਹੂਲਤਾਂ ਵੀ ਇਹਨਾਂ ਵਿੱਚ ਸ਼ਾਮਲ ਹਨ ਜਿਵੇਂ ਕਿ ਸਰਕੂਲਰ ਟਿਕਟਾਂ। ਸਰਕੂਲਰ ਟਿਕਟ ਜਿਹੜੇ ਸਟੇਸ਼ਨ ਤੋਂ ਸ਼ੁਰੂ ਹੁੰਦੀ ਹੈ ਉੱਥੇ ਹੀ ਖ਼ਤਮ ਹੁੰਦੀ ਹੈ। ਯਾਤਰੀ ਅੱਠ ਥਾਂਵਾਂ ਤੇ ਠਹਿਰਾਓ ਕਰ ਸਕਦਾ ਹੈ। ਇਹ ਭਾਰਤ ਦੀ ਯਾਤਰਾ ਕਰਨ ਜਾਂ ਕਿਸੇ ਤੀਰਥ ਯਾਤਰਾ ਕਰਨ ਲਈ ਵਧੀਆ ਸਹੂਲਤਾਂ ਹੈ। ਸਪੈਸ਼ਲ ਇੰਡੀਅਨ ਰੇਲਵੇਜ਼ ਟਰੇਨ ਜਿਵੇਂ ਕਿ ਸ਼ਿਮਲਾ ਵਿੱਚ ਅਤੇ ਊਟੀ ਵਿੱਚ ਹਿੱਲ ਟਰੇਨਾਂ ਚਲਦੀਆਂ ਹਨ। ਇਵੇਂ ਹੀ ਦਾਰਜੀਲਿੰਗ ਦੀ ਵਰਲਡ ਹੈਰੀਟੇਜ ਟਰੇਨ, ਹਿਮਾਲੀਅਨ ਰੇਲਵੇਜ਼ ਪਹਾੜੀ ਰਾਹਾਂ 'ਤੇ ਸਫ਼ਰ ਕਰਦੀ ਹੈ। ਮਹਾਰਾਜਾ ਐਕਸਪ੍ਰੈਸ, ਪੈਲੇਸ ਆਨ ਵੀਲਜ਼ ਗੋਲਡਨ ਚੈਰੀਓਟ ਵਰਗੀਆਂ ਲਗਜ਼ਰੀ ਰੇਲ ਗੱਡੀਆਂ ਵੱਖ-ਵੱਖ ਸੈਰ-ਸਪਾਟਾ ਥਾਵਾਂ ਤੱਕ ਲਗਜ਼ਰੀ ਸਫ਼ਰ ਕਰਵਾਉਂਦੀਆਂ ਹਨ।




Itinerary of Maharaja Express Train
**Source:** www.royalindiantrains.com



Restaurant in Maharaja Express Train
**Source:** www.royalindiantrains.com

ਇੰਡੀਅਨ ਰੇਲਵੇਜ਼ ਕੈਟਰਿੰਗ ਐਂਡ ਟੂਰਿਜ਼ਮ ਕਾਰਪੋਰੇਸ਼ਨ (ਆਈ. ਆਰ. ਸੀ. ਟੀ. ਸੀ) ਜੋ ਕਿ ਭਾਰਤੀ ਰੇਲਵੇ ਦੀ ਹੀ ਉਪ ਸ਼ਾਖਾ ਹੈ ਵੱਲੋਂ ਵੀ ਦੇਸੀ ਤੇ ਕੌਮਾਂਤਰੀ ਸੈਲਾਨੀਆਂ ਲਈ ਬਜਟ ਅਤੇ ਡੀਲਕਸ ਟੂਰ ਪੈਕੇਜ ਦਿੱਤੇ ਜਾਂਦੇ ਹਨ। ਜਿਨ੍ਹਾਂ ਵਿੱਚ ਰਵਾਇਤੀ ਪੈਕੇਜ ਜਿਵੇਂ ਕਿ ਤੀਰਥ ਯਾਤਰਾ ਟੂਰ ਅਤੇ ਅਡਵੈਂਚਰ ਟੂਰ ਅਤੇ ਕਸਟਮਾਈਜ਼ਡ ਟੂਰ ਪੈਕੇਜ ਹੁੰਦੇ ਹਨ।ਆਈ.ਆਰ.ਸੀ.ਟੀ.ਸੀ. ਵੱਲੋਂ

ਬੁਧਿਸਟ ਸਰਕਟ ਟਰੇਨ ਵਰਗੀਆਂ ਵਿਸ਼ੇਸ਼ ਰੇਲ ਗੱਡੀਆਂ ਵੀ ਚਲਾਈਆਂ ਜਾਂਦੀਆਂ ਹਨ। ਭਾਰਤੀ ਰੇਲਵੇ ਵੱਲੋਂ ਨਾ ਸਿਰਫ਼ ਸੈਰ-ਸਪਾਟਾ ਥਾਂਵਾਂ 'ਤੇ ਪਹੁੰਚ ਨੂੰ ਹੀ ਸੁਖਾਲ਼ਾ ਬਣਾਇਆ ਜਾਂਦਾ ਹੈ ਸਗੋਂ ਇਸ ਵਲੋਂ ਦੇਸ਼ ਦੇ ਸੈਰ ਸਪਾਟੇ ਦੇ ਵਿਕਾਸ ਵਿੱਚ ਵੀ ਸਰਗਰਮੀ ਨਾਲ਼ ਹਿੱਸਾ ਲਿਆ ਜਾ ਰਿਹਾ ਹੈ।

## ਅਭਿਆਸ 3.2

1. ਸੈਰ-ਸਪਾਟਾ ਵਿਚੋਲਿਆਂ, ਦਲਾਲਾਂ ਤੋਂ ਤੁਸੀਂ ਕੀ ਸਮਝਦੇ ਹੋ?

2. ਭਾਰਤੀ ਸੈਰ-ਸਪਾਟੇ ਵਿੱਚ ਭਾਰਤੀ ਰੇਲਵੇ ਦੀ ਕੀ ਭੂਮਿਕਾ ਹੈ?

## 3.5 ਸਾਰ

ਇਸ ਯੂਨਿਟ ਵਿੱਚ ਸੈਰ-ਸਪਾਟੇ ਦੀ ਉਤਪਤੀ ਤੇ ਵਿਕਾਸ ਬਾਰੇ ਜਾਣਕਾਰੀ ਦਿੱਤੀ ਗਈ ਹੈ। ਸਿਲਕ ਰੂਟ ਦੀ ਪੂਰਬ ਤੇ ਪੱਛਮੀ ਦੁਨੀਆਂ ਦਰਮਿਆਨ ਸੰਬੰਧ ਜੋੜਨ ਦੀ ਕੀ ਭੂਮਿਕਾ ਹੈ, ਇਹ ਵੀ ਤੁਸੀਂ ਪੜ੍ਹ ਚੁੱਕੇ ਹੋ। ਤੁਸੀਂ ਇਹ ਵੀ ਜਾਣ ਲਿਆ ਹੈ ਕਿ ਸੈਰ-ਸਪਾਟੇ ਦੇ ਇਤਿਹਾਸ ਵਿੱਚ ਗਰੈਂਡ ਟੂਰ ਦੀ ਕੀ ਭੂਮਿਕਾ ਹੈ। ਇਸ ਯੂਨਿਟ ਵਿੱਚ ਤੁਹਾਨੂੰ, ਸੈਰ-ਸਪਾਟਾ ਵਚੋਲਿਆਂ ਤੇ ਸੈਲਾਨੀਆਂ ਨੂੰ ਇਹਨਾਂ ਦਾ ਕੀ ਲਾਭ ਹੁੰਦਾ ਹੈ, ਬਾਰੇ ਵੀ ਦੱਸ ਦਿਤਾ ਗਿਆ ਹੈ। ਅੰਤ ਵਿੱਚ ਤੁਹਾਨੂੰ ਇਹ ਵੀ ਦੱਸ ਦਿੱਤਾ ਗਿਆ ਹੈ ਕਿ ਭਾਰਤੀ ਸੈਰ-ਸਪਾਟੇ ਦਾ ਵਿਕਾਸ ਕਿਵੇਂ ਹੋਇਆ ਅਤੇ ਭਾਰਤੀ ਰੇਲਵੇਜ਼ ਦੀ ਇਸ ਦੇ ਵਿਕਾਸ ਵਿਚ ਕੀ ਭੂਮਿਕਾ ਹੈ।

# ਯਾਤਰਾ ਤੇ ਸੈ ਸਪਾਟਾ ਸੈਨਅਤ ਲਈ ਸਰੀਰਕ ਹਾਵਾਂਭਾਵਾਂ ਦੇ ਹੁਨਰ ਸਾਫਟ ਸਕਿਲਜ ਬਾਰੇ ਜਾਣਕਾਰੀ

## ਸਮੱਗਰੀ :-

1.0 ਯੂਨਿਟ 'ਤੇ ਸਰਸਰੀ ਨਜ਼ਰ ਅਤੇ ਵੇਰਵੇ

1.1 ਜਾਣਕਾਰੀ

1.2 ਕਿਤਾਬੀ ਹੁਨਰ (ਹਾਰਡ ਸਕਿਲੱਜ਼) ਅਤੇ ਵਿਹਾਰਿਕ / ਹੁਨਰ (ਸਾਫਟ ਸਕਿਲਜ਼) ਦੀ ਪਰਿਭਾਸ਼ਾ

1.3 ਯਾਤਰਾ ਤੇ ਸੈਰ – ਸਪਾਟਾ ਸੱਨਅਤ ਵਿੱਚ ਵਿਹਾਰਿਕ ਹੁਨਰ ਦੀ ਮਹੱਤਤਾ

1.4 ਸੰਚਾਰ ਦਾ ਹੁਨਰ – ਵਿਹਾਰਿਕ ਹੁਨਰ ਦਾ ਮੂਲ

1.5 ਸੰਚਾਰ – ਇੱਕ ਸੰਕਲਪ

1.6 ਸੰਚਾਰ ਦੀ ਪ੍ਰਕਿਰਿਆ

1.7 ਸੰਚਾਰ ਦੀਆਂ ਕਿਸਮਾਂ

1.8 ਮੌਖਿਕ ਸੰਚਾਰ ਦੇ ਤੱਤ

1.9 ਗ਼ੈਰ – ਮੌਖਿਕ ਸੰਚਾਰ

1.10 ਗ਼ੈਰ ਮੌਖਿਕ ਸੰਚਾਰ ਦੀਆਂ ਕਿਸਮਾਂ

1.11 ਸੰਚਾਰ ਵਿੱਚ ਰੁਕਾਵਟ

1.12 ਪ੍ਰਭਾਵੀ ਸੰਚਾਰ

1.13 ਸੁਣਨ ਦਾ ਹੁਨਰ

1.14 ਸਾਰ